**Eschborn**
**19. 05. 2003**

੧ੳ ਵਾਹਿਗੁਰੂ ਜੀ ਕੀ ਫਤਹਿ

# ਸਿੱਖ ਧਰਮ ਵਿਚ ਔਰਤਾਂ ਦੇ ਹੱਕ

ਪਰਮ ਸਤਿਕਾਰਯੋਗ ਪੰਜਾਬੀ ਪ੍ਰੈਸ ਅਤੇ ਹੋਰ ਪ੍ਰਚਾਰ ਸਾਧਨਾਂ ਦੇ ਪ੍ਰਬੰਧਕ ਵੀਰ ਜੀਓ,
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।
'ਸਿਖ ਧਰਮ ਵਿਚ ਔਰਤਾਂ ਦੇ ਹੱਕ' ਵਿਸ਼ੇ ਉਤੇ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਅਤੇ ਗੁਰੂ ਰੂਪ ਖਾਲਸਾ ਪੰਥ ਅੱਗੇ ਰੱਖੇ ਗਏ ਵਿਚਾਰ ਆਪਜੀ ਦੇ ਅਖਬਾਰ ਲਈ ਵੀ ਭੇਜੇ ਜਾ ਰਹੇ ਨੇ। ਜਿਵੇਂ ਗੁਰਾਂ ਦੀ ਧਰਤ ਕੁਝ ਪੰਥ ਲਈ ਸੁਚੇਤ ਅਤੇ ਜਾਗਦੇ ਵੀਰਾਂ ਵੱਲੋਂ ਇਨਾਂ ਵਿਚਾਰਾਂ ਤੋਂ ਪੰਥ ਨੂੰ ਮਾਸਕ ਪੇਪਰ 'ਦੇਸ ਪੰਜਾਬ' ਦੁਆਰਾ ਜਾਣੂੰ ਕਰਵਾਇਆ ਹੈ, ਇਸੇ ਤਰਾਂ ਅਗਰ ਹੋ ਸਕੇ ਤਾਂ ਆਪਣੇ ਅਖਬਾਰ ਦੁਆਰਾ ਵਦੇਸ਼ੀ ਸਿਖ ਸੰਗਤ ਨਾਲ ਇਹ ਵਿਚਾਰ ਸਾਝੇ ਕਰਵਾ ਸਕਣ ਲਈ ਦਾਸ ਆਪ ਜੀ ਦਾ ਅਤੀ ਧੰਨਵਾਦੀ ਹੋਵੇਗਾ।
ਜਦੋਂ ਇਹ ਵਿਚਾਰ ਗੁਰੂਆਂ ਦੀ ਧਰਤ ਪਹੁੰਚਾਏ ਗਏ ਸਨ ਉਦ ਇਹ ਸਾਹਮਣੇਂ ਨਹੀਂ ਆਇਆ ਸੀ ਕਿ ਨਾਨਕ ਸ਼ਾਹੀ ਕਲੰਡਰ ਵਿਚ ਕਿਸੇ ਵੀ ਸਿਖ ਬੀਬੀ ਦਾ ਨਾਮ ਸ਼ਾਮਿਲ ਨਹੀਂ ਹੈ। ਦਾਸ ਸਿਖ ਨਾਰੀ ਮੰਚ ਯੂ ਕੇ ਦੀ ਸੰਚਾਲਕ ਬੀਬੀ ਗੁਰਦੇਵ ਕੌਰ ਜੀ ਦੇ ਬੋਲਾਂ ਨੂੰ ਹੀ ਦੁਹਰਾਦਾ ਹੋਇਆ ਕਿ ਘੱਟੋ ਘੱਟ ਪੰਜ ਪ੍ਰਮੁਖ ਸਿਖ ਬੀਬੀਆਂ - ਜਗਤ ਮਾਤਾ ਤ੍ਰਿਪਤਾ ਜੀ, ਖਾਲਸੇ ਦੀ ਮਾਂ ਮਾਤਾ ਸਾਹਿਬ ਕੌਰ, ਸ਼ਹੀਦੀਆਂ ਦੀ ਸਿਰਤਾਜ ਮਾਂ ਮਾਤਾ ਗੁਜਰੀ ਜੀ, ਦੁਨੀਆਂ ਦੇ ਪਹਿਲੇ ਧਰਮ ਗ੍ਰੰਥ ਵਿਚ ਥਾਂ ਲੈਣ ਵਾਲੀ ਮਾਤਾ ਖੀਵੀ ਜੀ ਅਤੇ ਬੇਦਾਵੀਆਂ ਨੂੰ ਗੁਰੂ ਦੇ ਚਰਨਾਂ ਵਿਚ ਮੋੜ ਕੇ ਲਿਆਉਣ ਵਾਲੀ ਪਹਿਲੀ ਜਰਨੈਲ ਮਾਈ ਭਾਗੋ ਜੀ ਦੇ ਨਾਮ ਨਾਨਕ ਸ਼ਾਹੀ ਕਲੰਡਰ ਵਿਚ ਸ਼ਾਮਿਲ ਕੀਤੇ ਜਾਣ ਦੀ ਖਾਲਸਾ ਪੰਥ ਨੂੰ ਪੁਰ ਜੋਰ ਅਪੀਲ ਬੇਨਤੀ ਕਰਦਾ ਹੈ।
ਆਪ ਪ੍ਰਬੰਧਕ ਵੀਰਾਂ ਦੀ ਜਾਣਕਾਰੀ ਲਈ ਕੁਝ ਆਪਣੇ ਵਾਰੇ ਵੀ ਭੇਜਿਆ ਹੈ। ਸਭ ਤੋਂ ਪਹਿਲੇ ਆਪ ਵੀਰ ਹੀ ਜਾਨਣਾਂ ਚਾਹ ਸਕਦੇ ਹੋ ਕਿ ਤੂੰ ਕੌਣ? ਸਿਖ ਧਰਮ ਨੂੰ ਮੰਨਣ ਵਾਲਾ ਨਾਨਕ ਦਰ ਦਾ ਅਟੱਟ ਸ਼ਰਧਾਲੂ, ਜਿਸ ਦਾ ਧਰਮ ਵੀ ਸਿਖ ਧਰਮ, ਉਹ ਹੀ ਜੋ ਗੁਰੂ ਰੂਪ ਖਾਲਸਾ ਪੰਥ ਦਾ। ਜਿਸ ਨੇ, ਜੇ ਗੁਰ ਚਾਹਿਆਂ ਤਾਂ ਜੇ ਇਸ ਜਨਮ ਨਹੀਂ, ਅਗਲੇ ਜਨਮ ਤਾਂ ਜਰੂਰ, ਅੰਮ੍ਰਿਤ ਦੀ ਦਾਤ ਨਾਲ ਸਿਖ ਸਮਾਜ ਦਾ ਇਕ ਅੰਗ ਹੋਣਾਂ ਧਾਰਿਆ ਹੋਇਆ ਹੈ।
ਗੁਰੂ ਪੰਥ ਦਾ ਦਾਸ
ਬਿਧੀ ਸਿੰਘ ਬੱਬਰ ਉਰਫ
ਕਮਲ-ਫੇਹਰਨਬੱਖ
(ਪ੍ਰੈਸ ਸਕੱਤਰ ਬੱਬਰ ਖਾਲਸਾ ਇੰਟਰਨੈਸ਼ਨਲ ਜਰਮਨੀ)

ਗੁਰੂ ਰੂਪ ਖਾਲਸਾ ਜੀ,
ਗੁਰੂ ਵਲੋਂ ਬਖਸ਼ੀ ਤੁਛ ਇਨਸਾਨੀ ਬੁਧੀ ਮੁਤਾਬਕ ਸਿਖ ਕੌਮ ਜਾਣਦੀ ਹੀ ਹੈ ਕਿ ਇਨਾਂ ਭਾਰਤ ਦੇ ਮਜੂਦਾ ਹਾਕਮ ਜਮਾਤ ਬ੍ਰਾਹਮਣਾਂ ਦੇ ਵਡਰਿਆਂ, ਬਾਹਰੋਂ ਸਾਡੀ ਧਰਤ ਆਕੇ, ਹਿੰਦੂ ਧਰਮ ਸਾਜ ਕੇ, ਜਾਤਪਾਤ ਦੇ ਮੰਨੂੰ ਸਿਮ੍ਰਤੀ ਸਿਸਟਮ ਦੁਆਰਾ, ਖੁਦ ਨੂੰ ਸੱਭ ਤੋਂ ਉਤਮ, ਸੱਭ ਹੱਕਾਂ ਦੇ ਮਾਲਕ, ਸ੍ਰੇਸ਼ਟ, ਉਚ ਜਾਤੀ ਬ੍ਰਾਹਮਣ ਐਲਾਨ ਕਰ ਲਿਆ। ਭਾਰਤ ਦੇ ਅਸਲ ਵਾਰਸ ਬਸ਼ਿੰਦੇ ਨੂੰ ਚੌਥੇ ਦਰਜੇ ਦੇ ਨੀਚ, ਅਛੂਤ, ਸ਼ੂਦਰ ਐਲਾਨ ਕਰ ਦਿੱਤਾ। ਬਾਕੀ ਸੰਸਾਰ ਧਰਮਾਂ ਦੇ ਸਾਂਝੇ ਉਪਦੇਸ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ਦੇ ਉਲਟ, ਹਿੰਦੂ ਧਰਮ ਦੇ ਨਾਮ ਉਤੇ ਹਜਾਰਾਂ ਸਦੀਆਂ ਤੋਂ ਅੱਤ ਦਾ ਘਿਨਾਉਣਾਂ ਅਪਾਰਥਾਇਡ ਕਾਇਮ ਕਰਕੇ, ਇਹ ਬਾਹਰੋਂ ਆਏ ਧਾੜਵੀ, ਭਾਰਤ ਦੇ ਅਸਲ ਬਸ਼ਿੰਦਿਆਂ ਉਤੇ ਸਦੀਵੀ ਜਿੱਤ ਲਈ ਹਰ ਜ਼ੁਲਮ ਕਰਦੇ ਆ ਰਹੇ ਨੇ।

ਗੁਰੂਆਂ ਵਲੋਂ ਧੁਰਕੀ ਰੱਬੀ ਬਾਣੀ ਦੇ ਗੁਰਮਤਿ ਨਿਆਰੇ ਸਿਖ ਧਰਮ ਨੂੰ ਮੰਨਣ ਵਾਲਾ ਖਾਲਸਾ ਪੰਥ ਸਾਜ ਕੇ ਸਾਨੂੰ ਸਿਖ ਕੌਮ ਨੂੰ ਸਦੀਵੀਂ ਤੌਰ ਉਤੇ ਮੰਨੂੰਵਾਦੀਆਂ ਤੋਂ ਅੱਡ ਕਰਦਿਆਂ ਇਹ ਉਪਦੇਸ਼ ਲਾਜਮੀ ਕੀਤਾ ਕਿ

ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈ ਸਾਰਾ।

ਜਬ ਇਹ ਗਹੈ ਬਿਪਰਨ ਕੀ ਰੀਤਿ।

ਮੈ ਨਾ ਕਰੋ ਇਨ ਕੀ ਪ੍ਰਤੀਤ।

ਮਤਾਂ ਸਿਖ ਕੌਮ ਇਸ ਗੁਰੂ ਉਪਦੇਸ਼ ਉਤੇ ਪੂਰਨ ਅਮਲ ਦੁਆਰਾ ਗੁਰੂ ਦੇ ਤੇਜ ਦੇ ਭਾਗੀ ਹੋਕੇ ਬ੍ਰਾਹਮਣਵਾਦੀ ਤਖਤ ਦਾ ਖਾਤਮਾਂ ਨਾਂ ਬਣ ਜਾਣ, ਇਨਾਂ ਚਾਣਕੀਆਂ ਵੱਲੋਂ ਆਪਣੀਆਂ ਬਿਪਰਨ ਰੀਤਾਂ ਨੂੰ ਆਪਣੀ ਸੋਚ ਦੇ ਲੋਕਾਂ ਦੁਆਰਾ ਹੋਰ ਤਾਂ ਹੋਰ, ਸ੍ਰੀ ਹਰਿਮੰਦਰ ਸਾਹਿਬ ਅਤੇ ਸਾਡੇ ਤਖਤਾਂ ਓਤੇ ਵੀ ਸਮੇਂ ਸਮੇਂ ਸਿਰ ਲਾਗੂ ਕਰਵਾਕੇ ਹੁਣ ਤੱਕ ਗੁਰਮਰਯਾਦਾ ਦਾ ਨਾਮ ਦੁਆਈ ਰੱਖਿਆ ਹੈ।

ਦਸਮੇਸ਼ ਪਿਤਾ ਵੱਲੋਂ ਧੁਰ ਕੀ ਬਾਣੀਂ ਦੇ ਪਰਚਾਰ ਲਈ ਦਾਸ ਦੇ ਵਡੇਰੇ ਨਿਰਮਲੇ ਸੰਤਾਂ ਨੂੰ ਜ਼ਿਮੇਵਾਰੀ ਸੌਂਪੀ ਸੀ ਕਿ ਤੁਸਾਂ ਹਿੰਦੂ ਧਰਮ ਵੱਲੋਂ ਨੀਚ ਸ਼ੂਦਰ ਕਰਾਰ ਦਿੱਤੇ ਲੋਕਾਂ ਵਿਚ ਜਾ ਕੇ ਧੁਰ ਕੀ ਬਾਣੀਂ ਦਾ ਪਰਚਾਰ ਕਰਨਾਂ ਹੈ। ਜਿਵੇਂ ਅੱਜ ਇਨਾਂ ਚਾਣਕੀਏ ਮੰਨੂਵਾਦੀਆਂ ਵੱਲੋਂ ਸੂਰਤ ਤੋਂ ਸਿਖ ਦਿਸਦਿਆਂ ਨੂੰ ਅੱਗੇ ਕਰਕੇ ਸਾਡੇ ਸਿਖ ਧਰਮ ਦਾ ਹਿੰਦੂਕਰਣ ਕਰਵਾਕੇ, ਗੁਰੂਆਂ ਵੱਲੋਂ ਸਾਜੇ ਨਿਆਰੇ ਸਿਖ ਧਰਮ ਨੂੰ ਹੀ ਬ੍ਰਾਹਮਣ ਦੀ ਮਰਜੀ ਦਾ ਕੀਤਾ ਜਾ ਰਿਹਾ ਹੈ ਇਵੇ ਹੀ ਦਾਸ ਦੇ ਵਡੇਰੇ ਨਿਰਮਲੇ ਸੰਤਾਂ ਤੋਂ ਵੀ ਇਨਾਂ ਚਾਣਕੀਏ ਮੰਨੂਵਾਦੀਆਂ ਵੱਲੋਂ ਸਮੇਂ ਸਮੇਂ ਸਿਰ ਆਪਣੀਆਂ ਬਿਪਰਨ ਰੀਤਾਂ ਨੂੰ ਗੁਰ ਮਰਯਾਦਾ ਦਾ ਨਾਮ ਦੇਕੇ ਸਾਡੇ ਪਵਿਤਰ ਗੁਰ ਅਸਥਾਨਾਂ ਵਿਚ ਲਾਗੂ ਕਰਵਾਣ ਦਾ ਕੁਕਰਮ ਕਰਵਾਇਆ ਗਿਆ ਜਿਸ ਲਈ ਦਾਸ ਖਾਲਸਾ ਪੰਥ ਵਿਚ ਵਿਰਲੇ ਰਹਿ ਗਏ ਗੁਰੂ ਦੇ ਸੱਚੇ ਸੁੱਚੇ ਸਿੱਖਾਂ ਤੋਂ ਖਿਮਾਂ ਮੰਗਦਾ ਹੈ।

ਜੂਨ ਚੌਰਾਸੀ, ਜਿਸ ਦਿਨ ਸਾਡੇ ਸ੍ਰੀ ਹਰਿਮੰਦਰ ਸਾਹਿਬ ਓਤੇ ਜਰਵਾਣੇ ਅਕ੍ਰਿਤਘਣ ਦਿੱਲੀ ਤਖਤ ਵੱਲੋਂ ਫੌਜੀ ਧਾਵਾ ਬੋਲਿਆ, ਉਸ ਦਿਨ ਤੋਂ ਦਾਸ ਦੇ ਸੰਤ ਪ੍ਰਵਾਰ ਵੱਲੋਂ ਦਾਸ ਨੂੰ ਪੰਥ ਦੀ ਆਜਾਦੀ ਲਈ ਹਰ ਕੁਰਬਾਨੀ ਦੇਣ ਲਈ ਪੰਥ ਦੇ ਹਵਾਲੇ ਕੀਤਾ ਹੋਇਆ ਹੈ।

ਦਾਸ ਉਸ ਲਾਗੂ ਮਰਯਾਦਾ ਨੂੰ, ਜਿਸ ਤੋਂ ਦੂਰ ਦੁਰਾਡਿਓਂ ਵੀ ਮੰਨੂਵਾਦੀ ਬਪਰਨ ਰੀਤ ਦੀ ਮਾੜੀ ਮੋਟੀ ਝਲਕ ਜਾਂ ਪ੍ਰਛਾਵਾਂ ਪੈਦਾ ਹੋਵੇ, ਨੂੰ ਗੁਰੂਆਂ ਵੱਲੋ ਨਾ ਲਾਗੂ ਕੀਤੀ ਹੋਈ ਐਲਾਨਦਾ ਹੋਇਆ ਇਸ ਦੇ ਖਾਤਮੇ ਦੀ ਖਾਲਸਾ ਪੰਥ ਤੋਂ ਮੰਗ ਕਰਦਾ ਹੈ। ਹਿੰਦੂ ਤੋਂ ਹਮੇਸ਼ਾਂ ਲਈ ਅੱਡ, ਖਾਲਸਾ ਪੰਥ ਸਾਜੇ ਕੇ, ਸਿਖ ਕੌਮ ਨੂੰ ਬਿਪਰਨ ਰੀਤਾਂ ਤੋਂ ਨਖੇੜੇ ਦਾ ਉਚੀ ਹੋਕਾ ਦੇਣ ਵਾਲੇ ਗੁਰੂ ਸਹਿਬਾਨ ਹੀ ਕੀ ਕਹਿਣੀ ਅਤੇ ਕਰਨੀ ਦੇ ਉਲਟ ਕਿਸੇ ਬਿਪਰਨ ਮਰਯਾਦਾ ਨੂੰ ਕਿਤੇ ਲਾਗੂ ਕਰ ਸਕਦੇ ਸਨ ਜਾਂ ਕਿਤੇ ਲਾਗੂ ਹੋਈ ਬਰਦਾਸ਼ਤ ਕਰ ਸਕਦੇ ਸਨ? ਗੁਰਬਾਣੀ ਦੀ ਕਸੌਟੀ ਤੇ ਖਰੀ ਨਾਂ ਉਤਰਨ ਵਾਲੀ ਕੋਈ ਮਰਯਾਦਾ ਨਾਂ ਹੀ ਗੁਰਮਰਯਾਦਾ ਅਤੇ ਨਾਂ ਹੀ ਗੁਰੂਆਂ ਵੱਲੋਂ ਚਲਾਈ ਹੋਈ ਮਰਯਾਦਾ ਹੀ ਹੋ ਸਕਦੀ ਹੈ।

ਆਪਣੀ ਸਿਖ ਕੌਮ ਨੂੰ ਮੰਨੂਵਾਦੀ ਦਿੱਲੀ ਤਖਤ ਅਤੇ ਇਸ ਦੀਆਂ ਬ੍ਰਾਹਮਣਵਾਦੀ ਹਿੰਦੂ ਬਿਪਰਨ ਰੀਤਾਂ ਤੋਂ ਸਦੀਵੀ ਮੁਕਤੀ ਲਈ ਨਾਨਕਸ਼ਾਹੀ ਕਲੰਡਰ ਨੂੰ ਨੀਂਹਪੱਥਰ ਜਾਣਦਾ ਹੋਇਆ, ਦਾਸ ਇਸ ਦੇ ਲਾਗੂ ਕੀਤੇ ਜਾਣ ਉਤੇ ਆਪਣੀ ਅਤਿਅੰਤ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੋਇਆ ਆਪਣੀ ਕੌਮ ਨੂੰ ਵਧਾਈ ਦੇਂਦਾ ਹੈ।

ਇਹ ਸਿਖ ਧਰਮ ਹੀ ਹੈ ਜਿਸ ਦੀ ਸਿਰਜਣਾਂ ਆਪ ਪ੍ਰਮੇਸ਼ਰ ਹੋਏ ਸਤਿਗੁਰੂ ਵੱਲੋਂ ਦਸਾਂ ਜਾਮਿਆਂ ਵਿਚ ਕਰਦਿਆਂ ਇਸ ਨੂੰ ਪੂਰਣ ਹੋਣ ਦਾ ਮਾਣ ਦਿੱਤਾ ਹੈ। ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨਾ ਜਾਈ। ਸੰਗਤ ਜੀ ਰੱਬੀ ਬਾਣੀਂ ਦਾ ਫੁਰਮਾਨ ਹੈ: ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੌਣ ਮੰਦੇ। ਅਤੇ ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।

ਕੀ ਕੋਈ ਆਪਣੇ ਆਪਨੂੰ ਗੁਰੂ ਦਾ ਸਿਖ ਕਹਾਣ ਵਾਲਾ ਜਬਾਬ ਦੇ ਸਕਦਾ ਹੈ ਕਿ ਕੀ ਕੋਈ ਧਰਮ, ਜੋ ਇਕ ਨੂਰ ਤੋਂ ਉਪਜੇ ਇਨਸਾਨ ਔਰਤ ਨੂੰ ਉਸ ਦੇ ਮਰਦ ਬਰਾਬਰ ਹੱਕਾਂ ਤੋਂ ਬਾਂਝੇ ਕਰਦਾ ਹੈ, ਕੀ ਉਹ ਧਰਮ ਪੂਰਣ ਹੋ ਸਕਦਾ ਹੈ? ਔਰਤ ਨੂੰ ਯੋਗਤਾ ਦੇ ਬਾਵਯੂਦ ਮਰਦ ਦੇ ਬਰਾਬਰ ਹੱਕਾਂ ਤੋਂ ਬਾਂਝੀ ਕਰਨ ਵਾਲੀ ਕੋਈ ਕੌਮ, ਕੀ ਪ੍ਰਮਾਤਮ ਦੀ ਮੌਜ ਉਤੇ ਪ੍ਰਗਟੀ, ਧਰਮੀ ਪੁਰਸ਼ਾਂ, ਉਤਮ ਕਿਰਦਾਰ ਇਨਸਾਨਾਂ, ਸੰਤ ਸਿਪਾਹੀਆਂ ਅਤੇ ਖਾਲਸਿਆਂ ਦੀ ਕੌਮ ਹੋ ਸਕਦੀ ਹੈ?

ਗੁਰੂ ਫੁਰਮਾਨ ਇਹ ਵੀ ਕਿ ਪਰਾਇਆ ਹੱਕ ਖਾਣਾਂ ਗਊ ਸੂਰ ਖਾਣ ਦੇ ਤੁੱਲ। ਕੀ ਸਿਖ ਸਮਾਜ ਵਿਚ ਆਪਣੇ ਹੀ ਗੁਰੂ ਦੁਆਰਾ ਉਚਰੀ ਰੱਬੀ ਬਾਣੀ ਵਿਚ ਸਪਸ਼ਟ ਨਿਸਚਤ ਪਵਿਤਰ ਅਸੂਲਾਂ ਦੇ ਉਲਟ, ਯੋਗਤਾ ਦੇ ਬਾਵਯੂਦ ਇਕ ਸਿਖ

ਬੀਬੀ ਨੂੰ ਕਿਸੇ ਵੀ ਖੇਤਰ ਵਿਚ ਔਰਤ ਹੋਣ ਕਰਕੇ, ਕਿਸੇ ਬਰਾਬਰ ਹੱਕ ਤੋਂ ਵਾਂਝੀ ਕਰਨਾਂ ਤਾਂ ਦੂਰ ਰਿਹਾ, ਇਸ ਵਿਸ਼ੇ ਉਤੇ ਦੋ ਰਾਵਾਂ ਰਖਣਾਂ ਅਤੇ ਬਹਿਸ ਕਰਨੀ, ਕੀ ਗੁਰੂ ਵੱਲੋਂ ਨਿਸਚਤ ਸੱਚ ਉਤੇ ਸ਼ੱਕ ਹੋ ਜਾਣ ਕਰਕੇ ਬਹਿਸ ਕਰਨ ਦੇ ਤੁੱਲ ਨਹੀਂ?

ਕੀ ਸਿਖ ਸਮਾਜ ਵਿਚ ਸਿਖ ਬੀਬੀ ਨੂੰ ਕਿਸੇ ਬਰਾਬਰ ਹੱਕ ਤੋਂ ਵਾਂਝੇ ਕਰਨਾਂ, ਸਿਖ ਕੌਮ ਵੱਲੋਂ ਆਪਣੇ ਹੀ ਗੁਰੂਆਂ ਵੱਲੋਂ ਸਾਜੇ ਪੂਰਨ ਧਰਮ ਨੂੰ ਸੰਸਾਰ ਅੱਗੇ ਅਪੂਰਣ ਕਰਕੇ ਰਖਣਾਂ ਨਹੀਂ?

ਕਈ ਇਹ ਵੀ ਕਹਿੰਦੇ ਸੁਣਾਈ ਦਿੱਤੇ ਨੇ ਕਿ ਜੇ ਸਿਖ ਬੀਬੀ ਨੇ ਪੰਜ ਪਿਆਰਿਆਂ ਵਿਚ ਸ਼ਾਮਲ ਹੋਣਾਂ ਸੀ ਤਾਂ ਜਦ ਦਸ਼ਮੇਸ਼ ਪਿਤਾ ਸੀਸ ਮੰਗੇ ਸਨ ਤਾਂ ਸੀਸ ਭੇਟਾ ਲਈ ਉਹ ਵੀ ਨਿੱਤਰ ਸਕਦੀ ਸੀ।

ਸੰਗਤ ਜੀ ਕੀ ਇਨਾਂ ਥੋੜਾ ਹੈ ਕਿ ਸਤਿਗੁਰੂ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲੇ ਹੀ ਪਵਿਤ੍ਰ ਆਤਮਾਂ ਮਾਂ ਵੱਲੋਂ ਸੰਤ, ਭਗਤ, ਫਕੀਰ ਜਨਣੇਂ ਸ਼ੁਰੂ ਕੀਤੇ ਜਿਨਾਂ ਦੁਆਰਾ ਧੁਰਕੀ ਬਾਣੀ ਦਾ ਇਸ ਧਰਤ ਉਤੇ ਓਚਾਰਨ ਸ਼ੁਰੂ ਹੋਇਆ ਅਤੇ ਸਿਖ ਧਰਮ ਦੇ ਪ੍ਰਗਟਾ ਲਈ ਇਹ ਧਰਤ ਤਿਆਰ ਹੋਣ ਲੱਗੀ।

ਕੀ ਇਨਾਂ ਥੋੜਾ ਹੈ ਕਿ ਸਤਿਗੁਰੂ ਗੁਰੂ ਨਾਨਕ ਦੇਵ ਜੀ ਨੂੰ ਦਸਾਂ ਜਾਮਿਆਂ ਵਿਚ ਜਨਮ ਦੇਣ ਲਈ ਪਵਿਤ੍ਰ ਮਾਂ ਆਤਮਾਵਾਂ ਦਾ ਹੋਣਾਂ।

ਕੀ ਇਨਾਂ ਥੋੜਾ ਹੈ ਕਿ ਜਦ ਦਸ਼ਮੇਸ਼ ਪਿਤਾ ਸੀਸ ਮੰਗੇ ਸਨ ਤਾਂ ਸੀਸ ਭੇਟਾ ਲਈ ਇਨਾਂ ਪਵਿਤ੍ਰ ਮਾਂ ਆਤਮਾਵਾਂ ਵੱਲੋਂ ਪਹਿਲੋਂ ਹੀ ਸੰਤ ਸੂਰੇ ਪੈਦਾ ਕਰਕੇ ਸੰਗਤ ਵਿਚ ਬਿਠਾਏ ਹੋਣਾਂ।

ਸੰਗਤ ਜੀ ਕੀ ਆਪਣੀਂ ਅਧਿਆਤਮਕ ਬੁਧੀ ਇੰਨੀ ਬਲਵਾਨ ਹੈ ਕਿ ਅਸੀ ਗੁਰੂਆਂ ਨੂੰ ਜਨਮ ਦੇਣ ਲਈ ਪਵਿਤ੍ਰ ਮਾਂ ਆਤਮਾਵਾਂ ਦੀ ਭਗਤੀ ਅਤੇ ਅਧਿਆਤਮਕ ਸ਼ਕਤੀ ਦੀ ਸਾਰ ਪਾ ਲਈ ਹੋਵੇ। ਦਸ਼ਮੇਸ਼ ਪਿਤਾ ਵੱਲੋਂ ਸੀਸ ਮੰਗਣ ਉਤੇ ਜੇ ਇਨਾਂ ਪਵਿਤ੍ਰ ਮਾਂ ਆਤਮਾਵਾਂ ਦੇ ਪਵਿਤ੍ਰ ਦੁਧ ਦੀ ਲਾਜ ਰਖਣ ਲਈ ਉਸ ਦੇ ਜਨਮੇਂ ਸੰਤ ਸੂਰੇ ਸੀਸ ਦੇਣ ਨਾਂ ਨਿਤਰਦੇ ਤਾਂ ਕੀ ਇਹਨਾਂ ਮਾਂ ਆਤਮਾਵਾਂ ਵਲੋਂ ਵੀ ਗੁਰੂ ਦੀ ਮੰਗ ਅਣਸੁਣੀ ਰਹਿ ਜਾਂਦੀ? ਕੀ ਅੰਤ ਉਤੇ ਇਹ ਮਾਂ ਆਤਮਾਵਾਂ ਭਾਵੇ ਕਿਤਿਓ ਵੀ ਆ, ਸਿਰ ਦੇਣ ਲਈ ਆਪਣੇ ਆਪਨੂੰ ਗੁਰੂ ਅੱਗੇ ਅਰਪਣ ਨਾਂ ਕਰਦੀਆਂ?

ਦਸ਼ਮੇਸ਼ ਪਿਤਾ ਵੱਲੋਂ ਅੰਮ੍ਰਿਤ ਦੀ ਦਾਤ ਤਿਆਰ ਕਰਦਿਆਂ, ਵਰਤਾਂਦਿਆਂ ਮਾਤਾ ਜੀਤੋ ਜੀ ਨੂੰ ਨਾਲ ਸ਼ਾਮਲ ਰਖ ਕੇ ਇਸ ਪਵਿਤ੍ਰ ਕਿਰਿਆ ਵਿਚ ਸਿਖ ਬੀਬੀ ਦੇ ਬਰਾਬਰ ਸਥਾਨ ਉਤੇ ਮੋਹਰ ਲਾਈ।

ਇਨਾਂ ਹੀ ਨਹੀਂ ਜਦੋਂ ਵੀ ਸਿਖੀ ਸਿਦਕ ਦੀ ਪਰਖ ਦਾ ਵੇਲਾ ਆਇਆ ਤਾਂ ਮਾਤਾ ਗੁਜਰੀ ਸਰਬੰਸ ਵਾਰ ਦਿੱਤਾ ਅਤੇ ਅਡੋਲ ਅਦਭੁਤ ਨਿਰਾਲੀ ਲਾਸਾਨੀ ਸ਼ਹਾਦਤ ਦਿੱਤੀ। ਬਦੀ ਤੋਂ ਨੇਕੀ ਦੀ ਰਾਖੀ ਲਈ ਅਤੇ ਧਰਮ ਦੇ ਨਿਆਈ ਰਾਜ ਲਈ ਸ਼ਾਂਤਮਈ ਅਤੇ ਰਣ ਰੱਤੇ ਵਿਚ ਅਲੇਖ, ਅਦਭੁਤ, ਲਾਸਾਨੀ ਸ਼ਹਾਦਤਾਂ ਅਤੇ ਸ਼ਹੀਦੀਆਂ ਦੇ ਜਾਣ ਵਾਲੇ ਸਿੰਘ ਸੂਰੇ ਪੈਦਾ ਕੀਤੇ। ਆਪਣੇ ਬੱਚਿਆਂ ਦੇ ਟੁਕੜੇ ਝੋਲੀਂ ਅਤੇ ਗਲੀਂ ਹਾਰ ਬਣਾਏ ਤਾਂ ਪੁਆ ਲਏ ਪਰ ਸਿਖੀ ਸਿਦਕ ਨੂੰ ਨਾਂ ਪੁਰਾਤਨ ਸਮੇਂ ਹੀ ਅਤੇ ਨਾਂ ਵਰਤਮਾਨ ਸਮੇਂ ਵਿਚ ਹੀ ਆਂਚ ਆਉਣ ਦਿੱਤੀ।

ਸਿਖ ਇਤਿਹਾਸ ਵਿਚ ਇਕ ਵਾਰ ਜਦ ਪਵਿਤਰ ਸੰਤ ਜਨਣੀਂ ਦੇ ਪਵਿਤ੍ਰ ਦੁਧ ਨੂੰ ਆਂਚ ਲੱਗਣ ਲੱਗੀ, ਤਾਂ ਮਾਤਾ ਭਾਗ ਕੌਰ ਗੁਰੂ ਦੇ ਸਾਥ ਲਈ ਆ ਬਹੁੜੀ ਅਤੇ ਟੁੱਟੀ ਗੰਢਣ ਲਈ ਆਪਣੇਂ ਸਿਰਜੇ ਸੰਤ, ਸਿਖ ਇਨਸਾਨ ਨੂੰ ਵੀ ਮੋੜ ਲੈ ਆਈ।

ਇਹ ਤਾਂ ਸਿਰਫ ਸਿਖ ਬੀਬੀ ਆਪਣੀਂ ਆਤਮਾਂ ਅੱਗੇ ਹੀ ਜਬਾਬਦੇਹ ਹੈ ਕਿ ਉਹ ਅਧਿਆਤਮਕ ਤੌਰ ਉਤੇ ਕਿਸੇ ਸੇਵਾ ਨੂੰ ਨਿਭਾਣ ਲਈ ਕਿੰਨੀ ਬਲਵਾਨ ਹੈ। ਪਰ ਜੇ ਸਿਖ ਬੀਬੀ ਇਕ ਸਿਖ ਮਰਦ ਬਰਾਬਰ ਹੀ ਆਪਣੀ ਯੋਗਤਾ ਜਾਣਦੀ ਹੋਈ ਆਪਣੀਆਂ ਸੇਵਾਵਾਂ ਪੰਥ ਨੂੰ ਅਰਪਣ ਕਰਦੀ ਹੈ ਤਾਂ ਉਸ ਦਾ ਪੰਜ ਪਿਆਰਿਆਂ ਵਿਚ ਸ਼ਾਂਮਿਲ ਹੋਣਾਂ, ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਨਾਂ ਜਾਂ ਪ੍ਰਕਾਸ਼ ਸਥਾਨ ਦੀ ਧੁਆਈ ਕਰਨ ਦਾ ਅਧਿਕਾਰ ਤਾਂ ਨੱਕੀ ਜਹੀ ਗੱਲ, ਚਾਹੇ ਤਾਂ ਯੋਗਤਾ ਦੇ ਸਹਾਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੱਕ ਵੀ ਬਣ ਸਕਣ ਦਾ ਜਨਮਸਿਧ ਅਧਿਕਾਰ ਰਖਦੀ ਹੈ। ਦਾਸ ਸਿਖ ਸਮਾਜ ਵਿਚ ਸਿਖ ਬੀਬੀ ਨਾਲ ਕਿਸੇ ਵੀ ਤਰਾਂ ਦਾ, ਕਿਸੇ ਵੀ ਖੇਤਰ ਵਿਚ ਵਿਤਕਰਾ ਗੁਰਮਤਿ ਦੇ ਪਵਿਤ੍ਰ ਅਸੂਲਾਂ ਦੀ ਘੋਰ ਅਵੱਗਿਆ ਐਲਾਨਦਾ ਹੋਇਆ ਇਸ ਮਨਮਤਿ ਨੂੰ ਸਿਖ ਸਮਾਜ ਵਿਚੋਂ ਗੁਰੂ ਆਸਰੇ ਖਤਮ ਕਰਨ ਲਈ ਖਾਲਸਾ ਪੰਥ ਨੂੰ ਪੁਰਜੋਰ ਅਪੀਲ ਕਰਦਾ ਹੈ।

ਦਸ਼ਮੇਸ਼ ਪਿਤਾ ਵੱਲੋਂ ਅੰਮ੍ਰਿਤ ਸੰਚਾਰ ਲਈ ਅੰਮ੍ਰਿਤ ਦੀ ਦਾਤ ਤਿਆਰ ਕਰਦਿਆਂ ਇਕ ਸਿਖ ਬੀਬੀ ਦੀ ਸ਼ਮੂਲੀਅਤ ਦੀ ਪਾਈ ਪਿਰਤ ਉਤੇ ਦਾਸ ਖਾਲਸਾ ਪੰਥ ਤੋਂ ਦਰਿੜਤਾ ਨਾਲ ਪਹਿਰੇ ਦੀ ਮੰਗ ਕਰਦਾ ਹੈ।

ਬੀਬੀਆਂ ਨੂੰ ਸੇਵਾ ਦਾ ਹੱਕ ਨਾਂ ਦੇਣ ਵਾਰੇ ਕਈ ਇਹ ਵੀ ਕਹਿੰਦੇ ਸੁਣਾਈ ਦਿੱਤੇ ਨੇ ਕਿ ਸ਼ਰਾਰਤੀ ਅਨਸਰ ਬੀਬੀਆਂ ਨਾਲ ਛੇੜਖਾਨੀਂ ਸ਼ੁਰੂ ਕਰ ਦੇਣਗੇ। ਕੀ ਇਹ ਵੀਰ ਦਸ ਸਕਦੇ ਨੇ ਕਿ ਇਹ ਸ਼ਰਾਰਤੀ ਸਿਖ ਹੋਣਗੇ ਜਾਂ ਸਿਖ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਦਰਸ਼ਨਾਂ ਲਈ ਆਏ ਸ਼ਰਧਾਲੂ? ਜੇ ਹੁਣ ਤੱਕ ਸ਼ਰਧਾਲੂ ਦੇ ਰੂਪ ਵਿਚ ਕੋਈ ਸ਼ੈਤਾਨ ਦਾਖਲ ਹੋ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਵਿਚ ਅਜਿਹਾ ਕਾਰਾ ਨਾਂ ਕਰ ਸਕਿਆ ਤਾਂ ਬੀਬੀਆਂ ਨੂੰ ਸੇਵਾ ਦਾ ਹੱਕ ਇਸ ਡਰੋਂ ਨਾਂ ਦੇਣਾਂ, ਦਾਸ ਗੁਰਮਤਿ ਦੇ ਉਲਟ ਜਾਣਦਾ ਹੈ ਅਤੇ ਸਾਬਕਾ ਜਥੇਦਾਰ ਪ੍ਰੋ ਦਰਸ਼ਨ ਸਿੰਘ ਦੇ ਇਨਾਂ ਬੋਲਾਂ ਦੀ ਹੁਬਹੂ ਪ੍ਰੋੜਤਾ ਕਰਦਾ ਹੈ " ਜੇ 50 ਤੋਂ 100 ਤੱਕ ਸਿਖ ਮਰਦ ਔਰਤਾਂ ਵੀ ਦਰਬਾਰ ਸਾਹਿਬ ਅੰਦਰ ਰਲ ਕੇ ਸੇਵਾ ਕਰਨ ਸਮੇਂ ਮਨ ਪਵਿਤਰ ਨਹੀਂ ਰਖ ਸਕਦੇ ਤਾਂ ਧਿਕਾਰ ਹੈ ਅਜਿਹੇ ਸਿੱਖਾਂ ਦੇ ਜੀਵਨ ਉਤੇ"।

ਸੰਗਤ ਜੀ ਸਿਖ ਦਾ ਦੂਜਾ ਨਾ ਕਿਰਦਾਰ ਤੋਂ ਸੰਤ ਹੈ। ਸ਼ਰਧਾਲੂ ਦੇ ਰੂਪ ਵਿਚ ਜਾਂ ਸਿਖੀ ਸਰੂਪ ਵਿਚ ਛੁਪ ਕੇ ਜੇ ਕੋਈ ਸ਼ੈਤਾਨ ਸ਼ਰਾਰਤ ਕਰ ਹੀ ਜਾਵੇ, ਤਾਂ ਉਸ ਲਈ ਸਜਾ ਮੁਕਰਰ ਹੋ ਸਕਦੀ ਹੈ ਇਸ ਦੀ ਬਜਾਏ ਕਿ ਸ਼ਰਾਰਤ ਡਰੋਂ ਸਿਖ ਬੀਬੀਆਂ ਨੂੰ ਸੇਵਾ ਦਾ ਹੱਕ ਹੀ ਨਾਂ ਦਿੱਤਾ ਜਾਵੇ।

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸਿੰਘਣੀ ਬੀਬੀ ਪਰਮਜੀਤ ਸਿੰਘ ਖਾਲੜਾ ਵਾਂਗ ਹੀ ਸਿਖ ਕੌਮ ਦੇ ਕਿਰਦਾਰ ਵਿਚ ਆਏ ਅਤਿ ਦੇ ਨਿਘਾਰ ਤੋਂ ਦਾਸ ਵੀ ਅਤਿ ਫਿਕਰਮੰਦ, ਸ੍ਰੀ ਦਰਬਾਰ ਸਾਹਿਬ ਸੇਵਾ ਦਾ ਹੱਕ ਮੰਗਣ ਵਾਲੀਆਂ ਬੀਬੀਆਂ ਨੂੰ ਸੁਚੇਤ ਕਰਦਾ ਹੋਇਆ, ਇਹ ਫੈਸਲਾ ਇਨਾਂ ਬੀਬੀਆਂ ਉਤੇ ਹੀ ਛੱਡਦਾ ਹੈ ਕਿ ਉਨਾਂ ਸਿਖ ਧਰਮ ਅਤੇ ਕੌਮ ਉਤੇ ਕਾਬਜ ਸ਼੍ਰੋਮਣੀ ਕਮੇਟੀ ਦੇ ਬਹੁਤੇ ਅਧਰਮੀ, ਅਤਿ ਦੇ ਭ੍ਰਿਸ਼ਟ ਮੈਂਬਰਾਂ, ਮੁਲਾਜਮਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਉਸ ਜਥੇਦਾਰ ਦੀ ਛਤਰਛਾਇਆ ਥੱਲੇ ਆਪਣਾਂ ਬਣਦਾ ਅਧਿਕਾਰ ਲੈਂਣਾਂ ਹੈ, ਜੋ ਇਕ ਅਮ੍ਰਿਤਧਾਰੀ ਬੀਬੀ ਨਾਲ ਬਲਾਤਕਾਰ ਕਰਨ ਵਾਲੇ ਦੁਸ਼ਟ ਨੂੰ ਆਪਣੀਂ ਬੁਕਲ ਵਿਚ ਪਨਾਹ ਦੇਈ ਬੈਠਾ ਹੈ ਜਾਂ ਪਹਿਲੋਂ ਇਨਾਂ ਤੋਂ ਆਪਣੇਂ ਸਰਬ ਉਚਤਮ ਪਵਿਤਰ ਅਸਥਾਨਾਂ ਨੂੰ ਆਜਾਦ ਕਰਵਾਕੇ ਇਨਾਂ ਨੂੰ ਸੰਤ ਕਿਰਦਾਰ ਗੁਰੂ ਦੇ ਸਿਖਾਂ, ਖਾਲਸਿਆਂ, ਧਰਮੀ ਪੁਰਸ਼ ਸੇਵਾਦਾਰਾਂ ਦੇ ਹੱਥਾਂ ਵਿਚ ਕਰਕੇ ਆਪਣਾਂ ਬਣਦਾ ਅਧਿਕਾਰ ਲੈਂਣਾਂ ਹੈ।

ਦਾਸ ਪੰਜਾਂ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਸਿਰਫ ਸਰਬੱਤ ਖਾਲਸਾ ਦੁਆਰਾ ਹੀ ਹੋਣ ਨੂੰ ਸਹੀ ਸਮਝਦਾ ਹੋਇਆ ਸ੍ਰੀ ਅਕਾਲ ਤਖਤ ਸਾਹਿਬ ਦੇ ਮਜੂਦਾ ਜਥੇਦਾਰ ਭਾਈ ਜੁਗਿੰਦਰ ਸਿੰਘ ਵੇਦਾਂਤੀ ਨੂੰ ਅਪੀਲ ਕਰਦਾ ਹੈ ਕਿ ਸਰਬੱਤ ਖਾਲਸੇ ਦਾ ਇਕੱਠ ਸੱਦ ਕੇ ਆਪਣੇਂ ਉਤੇ ਲਗਦੇ ਦੂਸ਼ਣਾਂ ਨੂੰ ਸਪਸ਼ਟ ਕਰਨ ਅਤੇ ਸਿਧ ਹੋ ਜਾਣ ਉਤੇ ਇਸ ਪਵਿਤਰ ਪਦਵੀ ਤੋਂ ਅਲੱਗ ਹੋਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਤਾਂ ਕਿ ਧੰਨਵੰਤ ਸਿੰਘ ਦੇ ਮਸਲੇ ਉਤੇ ਪੰਥ ਦਾ ਅਤੇ ਪੰਥ ਦੀਆਂ ਪਵਿਤਰ ਰਵਾਇਤਾਂ ਦਾ ਹੋਰ ਨੁਕਸਾਨ ਹੋਣੋ ਬਚ ਸਕੇ।

ਗੁਰੂ ਪੰਥ ਦਾ ਦਾਸ

ਨਿਰਮਲ ਸਿੰਘ

ਓਰਫ ਐਨ ਕਮਲ ਫੇਹਰਨਬੱਖ

ਉਰਫ ਬਿਧੀ ਸਿੰਘ ਬੱਬਰ

ਪਿਤਾ ਦਾ ਨਾਮ ਸਵਰਗਵਾਸੀ ਸੰਤ ਜਮਨਾਂ ਦਾਸ, ਮਾਤਾ ਸਵਰਗਵਾਸੀ ਗੋਬਿੰਦ ਕੌਰ, ਪਿੰਡ ਨਰੂੜ, ਜਿਲਾ ਕਪੂਰਥਲਾ

ਪਤਾ: N. Kamal-Fehrenbach
Schöne Aussicht 74a,
65760 Eschborn, Germany
Tel: 06173 67103, Fax: 06173 640321 e Mail: ef-nk@t-online.de

ਕੁਝ ਆਪਣੇਂ ਵਾਰੇ: ਜਨਮ ਨਿਰਮਲੇ ਸੰਤ ਪਰਵਾਰ ਵਿਚ। ਉਮਰ ਦੋ ਸਾਲ ਦੀ ਹੋਣ ਲੱਗੀ ਪਰ ਨਾਮ ਕੋਈ ਨਾਂ ਮਿਲਿਆ। ਮਾਂ ਨੇ ਜਦੋਂ ਵੀ ਨਾਨਾ ਜੀ ਨੂੰ ਦਾਸ ਦਾ ਨਾਮ ਰਖਣ ਲਈ ਕਹਿਣਾਂ ਓਹਨਾਂ ਟਾਲ ਮਟੋਲ ਕਰੀ ਜਾਣੀਂ। ਇਕ ਵਾਰ ਦਾਸ ਮਾਂ ਦੇ ਨਾਲ ਨਾਨਕੀਂ। ਇਸ ਦਿਨ ਨਾਨਕੇ ਘਰ ਰੈਣ ਵਸੇਰੇ ਲਈ ਕਈ ਸਾਧੂ, ਸੰਤ ਫਕੀਰ ਆਏ ਹੋਏ ਸਨ। ਨਾਨਾਂ ਜੀ

ਦੀ ਬੇਨਤੀ ਉਤੇ ਰੈਣ ਵਸੇਰੇ ਲਈ ਆਏ ਇਨਾਂ ਸਾਧੂ, ਸੰਤ, ਫਕੀਰਾਂ ਵੱਲੋਂ ਦਾਸ ਨੂੰ ਨਾਮ ਨਿਰਮਲ ਸਿੰਘ ਬਖਸ਼ਿਸ਼ ਕੀਤਾ ਗਿਆ।

ਹੁਣ ਦਾਸ ਜਦ ਜਵਾਨ ਹੋਇਆ ਤਾਂ ਚੁਗਿਰਦੇ ਨਾ ਹਲੀਮੀ ਰਾਜ ਨਜ਼ਰ ਆਇਆ ਨਾਂ ਬੇਗਮ ਪੁਰਾ ਹੀ। ਕੰਨੀਂ ਗੁਰੂ ਸਿਧਾਂਤ ਉਚੀ ਸੁਣਾਈ ਦੇਣ ਲੱਗਾ ਕਿ ਜੁਲਮ ਕਰਨਾਂ ਵੀ ਪਾਪ ਅਤੇ ਜੁਲਮ ਸਹਿਣਾਂ ਵੀ ਪਾਪ। ਦਾਸ ਦਾ ਸਬੰਧ ਨਿਕਸਲਾਈਟ ਲਹਿਰ ਨਾਲ ਬਣਿਆਂ। ਪਰ ਬਿਨਾਂ ਪ੍ਰਮਾਤਮਾਂ ਦੀ ਹੋਂਦ ਤੋਂ ਮੁਨਕਰ ਹੋਇਆਂ। ਇਨਾਂ ਵਿਚਾਰਾਂ ਨਾਲ ਸਬੰਥਤ ਇਕ ਕਾਵਿ ਸੰਗ੍ਰਹਿ ਅਤੇ ਨਾਵਲ ਅਣਛਪੇ। ਹੁਣ ਆਤਮਾਂ ਨੇ ਰੌਲਾ ਪਾਇਆ ਕਿ ਅੰਦਰੋਂ ਤੂੰ ਕੁਮਨਿਸਟ। ਨਾਮ ਤੇਰਾ ਸਿੰਘ ਅਤੇ ਉਹ ਵੀ ਨਿਰਮਲ, ਪਵਿਤਰ। ਕੀ ਅੰਦਰੋਂ ਹੋਰ ਹੁੰਦਿਆਂ, ਹੈ ਤੈਨੂੰ ਅਧਿਕਾਰ ਸਿਖ ਨਾਮ ਅਤੇ ਸੂਰਤ ਧਰਾਣ ਦਾ? ਤਾਂ ਜਬਾਬ ਮਿਲਿਆ, ਨਹੀਂ ਅਧਿਕਾਰ। ਹੁਣ ਇਕ ਰਾਤ ਗੁਰੂ ਘਰ, ਗੁਰੂ ਅੱਗੇ ਅਰਦਾਸ ਕਿ ਸੱਚੇ ਪਿਤਾ ਤੇਰੇ ਵੱਲੋਂ ਬਖਸ਼ਿਸ਼ ਨਾਮ ਅਤੇ ਸੂਰਤ ਅਜ ਤੇਰੇ ਅੱਗੇ ਰੱਖ ਚੱਲਾ ਹਾਂ। ਪਰ ਜਦ ਮੈਂ ਇਸ ਪਵਿਤਰ ਨਾਮ ਅਤੇ ਸੂਰਤ ਨੂੰ ਕਿਰਦਾਰ ਤੋਂ ਅਪਨਾਣ ਦੇ ਕਾਵਲ ਹੋ ਜਾਵਾਂ ਤਾਂ ਤੇਰੇ ਅੱਗੇ ਰੱਖੀ ਇਮਾਨਤ ਮੁੜ ਲੋਚਦਾ ਹਾਂ। ਇਸ ਦਿਨ ਤੋਂ ਨਾਂ ਦਾਸ ਦਾ ਸਿੰਘ ਨਾਮ ਰਿਹਾ ਨਾਂ ਸਿਖ ਸੂਰਤ। **1981** ਵਿਚ ਪ੍ਰਵਾਰ ਅਤੇ ਰਿਸ਼ਤੇਦਾਰਾਂ ਦੇ ਹੁਕਮ ਉਤੇ ਭਾਰਤ ਛੱਡਣਾਂ ਪਿਆ।

**1981** ਤੋਂ **84** ਤੱਕ ਸਿਖ ਸੰਘਰਸ਼ ਨੂੰ ਦਰਸ਼ਕ ਦੇ ਰੂਪ ਵਿਚ ਤੱਕਿਆ। ਇਹ ਗਿਆਨ ਹੋਇਆ ਕਿ ਕਿਸੇ ਧਰਮੀ ਰਾਜ ਲਈ ਜੇ ਕੋਈ ਇਨਕਲਾਬ ਲਿਆ ਸਕਦੀ ਹੈ ਤਾਂ ਸਿਰਫ ਸਿਖ ਕੌਮ ਹੀ ਅਤੇ ਸੱਚਾ ਸਮਾਜਵਾਦ ਤਾਂ ਸਿਖ ਧਰਮ ਵਿਚ ਸਾਕਾਰ ਕਰਨ ਲਈ ਗੁਰੂ ਸਹਿਬਾਨ ਧੁਰ ਕੀ ਬਾਣੀਂ ਵਿਚ ਪਹਿਲੋਂ ਹੀ ਅੰਕਤ ਕਰ ਚੁਕੇ ਨੇ। ਬਾਹਰ ਕੀ ਲੱਭਦੈਂ।

ਹੁਣ ਸ੍ਰੀ ਹਰਿਮੰਦਰ ਸਾਹਿਬ ਉਤੇ ਦਿੱਲੀ ਤਖਤ ਦਾ ਫੌਜੀ ਧਾਵਾ ਪੱਤ ਹੀ ਲੁੱਟ ਕੇ ਲੈ ਗਿਆ ਅਤੇ ਜੀਣਾਂ ਹੀ ਹਰਾਮ ਕਰ ਗਿਆ ਅਤੇ ਇਸ ਦਿਨ ਤੋਂ ਹੀ ਕਲਮ ਦਿੱਲੀ ਤਖਤ ਦੇ ਖਿਲਾਫ ਬਗਾਵਤ ਬਣੀ ਹੋਈ ਹੈ।

ਹੁਣ ਇੰਗਲੈਂਡ ਕਈ ਸਿਖ ਸੰਸਥਾਵਾਂ ਵੱਲੋਂ ਐਲਾਨ ਹੋਣ ਲੱਗੇ ਕਿ ਮਰਜੀਵੜਿਆਂ ਵਿਚ ਨਾਮ ਦਰਜ ਕਰਾਵੋ। ਕਈਆਂ ਕੋਲ ਨਾਮ ਪਤਾ ਲਿਖਵਾਇਆ। ਪਰ ਕੋਤਿਓ ਵੀ ਰਣ ਤੱਤੇ ਵੱਲ ਚਾਲੇ ਲਈ ਕੋਈ ਸੁਨੇਹਾ ਨਾਂ ਆਇਆ। ਅੰਤ ਕਨੇਡਾ ਸ਼ਹੀਦ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਨਾਲ ਸੰਪਰਕ ਕੀਤਾ ਅਤੇ ਉਨਾਂ ਵੱਲੋਂ ਇਥੇ ਬੱਬਰ ਖਾਲਸਾ ਦੇ ਸਿੰਘਾਂ ਨਾਲ ਸੰਪਰਕ ਕਰਵਾਇਆ ਤਾਂ ਦਾਸ ਆਪਣੇ ਵੱਲੋਂ ਘਾਰਵਾਰ ਤਿਆਗ ਕੇ ਉਨਾਂ ਕੋਲ ਆ ਗਿਆ। ਇਨਾਂ ਸਿੰਘਾਂ ਵੱਲੋਂ ਦਾਸ ਨੂੰ ਬਿਧੀ ਸਿੰਘ ਨਾਮ ਦਿੱਤਾ ਗਿਆ। ਪਰ ਗੁਰੂ ਨੂੰ ਅਜੇ ਹੱਥ ਵਿਚ ਕਲਮ ਹੀ ਮਨਜੂਰ ਸੀ ਅਤੇ ਅਜੇ ਇਮਾਨਤ ਵਾਪਸੀ ਜਿਵੇਂ ਗੁਰੂ ਨੂੰ ਮਨਜੂਰ ਨਾਂ ਹੋਵੇ। ਸੰਨ **87** ਵਿਚ ਗੁਰੂ ਬਖਸ਼ਿਸ਼ ਨੇਕ ਦਿਲ ਜਰਮਨ ਔਰਤ ਜੀਵਨ ਸਾਥੀ।

**92** ਵਿਚ ਕਾਵਿ ਸੰਗ੍ਰਹਿ ਜਾਲਮ ਨੂੰ ਵੰਗਾਰ ਰਲੀਜ। **1994** ਤੋਂ ਜਥੇਬੰਦੀ ਵਲੋਂ ਪ੍ਰੈਸ ਸਕੱਤਰ ਦੀ ਜ਼ਿਮੇਵਾਰੀ। ਦਾਸ ਦੇ ਘਰ ਜਥੇਬੰਦੀ ਦਾ ਪੱਕਾ ਦਫਤਰ। ਜੀਵਨ ਸਾਥੀ ਦੇ ਸਹਾਰੇ ਇਥੇ ਸਰਕਾਰੀਂ ਦਰਬਾਰੀਂ ਪਹੁੰਚਾਣ ਲਈ ਓਦੋਂ ਤੋਂ ਹੀ ਜਰਮਨ ਭਾਸ਼ਾ ਵਿਚ ਕੰਮ।

ਇਸ ਜਨਮ ਜਿੰਦਗੀ ਦਾ ਅਦਰਸ਼: ਸਿਖ ਧਰਮ ਦਾ ਅਟੁਟ ਸ਼ਰਧਾਲੂ ਹੋਣ ਨਾਤੇ ਗੁਣਾਂ ਦੀ ਗੁਥਲੀ ਨੂੰ ਭਾਰੀ ਕਰਨਾਂ। ਉਸ ਅੱਗੇ ਅਰਦਾਸ ਕਿ ਤੇਰੇ ਅੱਗੇ ਰੱਖੀ ਇਮਾਨਤ ਦੀ ਜੇ ਇਸ ਜਨਮ ਤੇਰੇ ਵੱਲੋਂ ਵਾਪਸੀ ਮਨਜੂਰ ਨਹੀਂ ਤਾਂ ਅਗਲੇ ਜਨਮ ਲਈ ਇਸ ਨਾਮ, ਅੰਮ੍ਰਿਤ ਦਾ ਅਧਿਕਾਰੀ ਕਰਕੇ ਇਸ ਜਹਾਨੋ ਤੋਰੀਂ।

ਸੱਚ ਨੂੰ ਸੱਚ ਸੁਣਾਣ ਦੇ ਵੇਲੇ ਆਪ ਸੁਹਿਰਦ ਅਤੇ ਸੁਚੇਤ ਵੀਰਾਂ ਅੱਗੇ ਰੱਖ ਸੰਗਤ ਤੱਕ ਪਹੁੰਚਾਣ ਲਈ ਆਪਜੀ ਨੂੰ ਭੇਜ ਕੇ ਗੁਰੂ ਹੁਕਮ ਨਿਭਾ ਸਕਣ ਦਾ ਤੁਛ ਜਿਹਾ ਉਪਰਾਲਾ ਕੀਤਾ ਹੈ। ਦਾਸ ਵਲੋਂ ਆਪਣੀਂ ਨਿਜੀ ਰਾਏ ਭੇਜੀ ਗਈ ਹੈ।

ਗੁਰੂ ਪੰਥ ਦਾ ਦਾਸ-

ਕਮਲ ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ

ੴ ਵਾਹਿਗੁਰੂ ਜੀ ਕੀ ਫਤਹਿ

**ਵਿਸ਼ਾ:** ਉਹ ਵਿਚਕਾਰਲਾ ਸਮਾਂ, ਜਿਸ ਵਿਚ ਜਥੇਬੰਦੀ ਦਾ ਕੋਈ ਮੁੱਖੀ ਨਹੀਂ ਸੀ, ਦਾ ਹਿਸਾਬ ਕਿਤਾਬ ਜਥੇਬੰਦੀ ਅੱਗੇ ਰੱਖਣਾਂ ਅਤੇ ਕੋਲਨ ਗੁਰੂਘਰ ਗੁਰੂ ਦੀ ਹਜੂਰੀ ਵਿਚ ਹੋਈ ਵਾਰਤਾਲਾਪ ਵਾਰੇ ਦਾਸ ਦੀ ਆਪਣੀ ਨਿਜੀ ਰਾਏ ਤੋਂ ਜਥੇਬੰਦੀ ਨੂੰ ਜਾਣੂੰ ਕਰਵਾਣਾਂ

ਪ੍ਰਮ ਸਤਿਕਾਰਯੋਗ ਜਥੇਦਾਰ ਭਾਈ ਰੇਸ਼ਮ ਸਿੰਘ ਬੱਬਰ ਜੀਓ
ਅਤੇ ਸਮੂਹ ਹਾਈਕਮਾਂਡ ਸੇਵਾਦਾਰ ਬੱਬਰ ਖਾਲਸਾ ਇੰਟਰਨੈਸ਼ਨਲ ਜਰਮਨੀ ਜੀਓ,
ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਹਿ।।

ਵੀਰ ਜੀਓ, ਉਹ ਵਿਚਕਾਰਲਾ ਸਮਾਂ, ਜਿਸ ਵਿਚ ਜਥੇਬੰਦੀ ਦਾ ਕੋਈ ਮੁੱਖੀ ਨਹੀਂ ਸੀ, ਉਸ ਵਿਚ ਇਕ ਜੋਨਾਂ ਦੀਆਂ ਚੋਣਾਂ ਦੇ ਹਵਾਲੇ ਨਾਲ ਮਤੇ ਸਨ ਅਤੇ ਦੂਜਾ ਸੀ ਅੰਤਰਰਾਸ਼ਟਰੀ ਪੱਧਰ ਉਤੇ ਸੰਘਰਸ਼ ਦੀ ਰੂਪ ਰੇਖਾ ਲਈ, ਹੁਣ ਤੱਕ ਦੇ ਕੀਤੇ ਕੰਮ ਦੇ ਆਧਾਰ ਉਤੇ ਦਸਤਾਵੇਜ਼ ਨੂੰ ਜਥਬੰਦੀ ਦੀ ਤੁੱਛ ਜਹੀ ਸੋਚ ਮੁਤਾਬਕ ਮੁਕੰਮਲ ਕਰਕੇ ਇਸ ਉਦਮ ਵੱਲ ਕਦਮ ਧਰਨ ਦੀਆਂ ਸੰਭਾਵਨਾਵਾਂ ਦੀ ਪੂਰੀ ਘੋਖ ਕਰਨਾਂ।

ਇਸ ਵਿਚਕਾਰਲੇ ਸਮੇਂ ਦਾ ਲੇਖਾ ਜੋਖਾ ਜੋ ਦਾਸ ਜ਼ਿਮੇ ਸੀ, ਆਪਜੀ ਅਤੇ ਜਥੇਬੰਦੀ ਦੀ ਇਸ ਵਿਚਕਾਰਲੇ ਸਮੇਂ ਦੀ ਹਾਈਕਮਾਂਡ ਅੱਗੇ ਰੱਖ ਕੇ, ਆਪਣੇ ਵੱਲੋਂ ਸੁਰਖਰੂ ਹੋ ਜਾਣ ਲਈ ਹੀ ਆਪਜੀ ਦੇ ਨਾਲ ਵਿਚਕਾਰਲੇ ਸਮੇਂ ਦੀ ਇਸ ਹਾਈਕਮਾਂਡ ਨੂੰ ਇਕੱਠਿਆਂ ਸੰਬੋਧਨ ਹੋਇਆ ਗਿਆ ਹੈ।

ਇਸ ਵਿਚਕਾਰਲੇ ਸਮੇਂ, ਜਦ ਜਥੇਬੰਦੀ, ਜਥੇਦਾਰ ਜੀ ਆਪਜੀ ਦੀ ਦੇ ਕਹਿਣ ਉਤੇ ਮੁੜ ਆਪਜੀ ਦੀ ਅਗਵਾਹੀ ਦੀ ਆਸ ਲਾਹ ਚੁੱਕੀ ਸੀ, ਸੱਭ ਤੋਂ ਵੱਡੀ ਸੋਚ ਸੀ, ਪਹਿਲੀਆਂ ਲੀਹਾਂ ਤੇ ਅਡੋਲ ਖੜ੍ਹਦੇ ਅੰਤਰਰਾਸ਼ਟਰੀ ਪੱਧਰ ਉਤੇ ਸੰਘਰਸ਼ ਦੀ ਰੂਪ ਰੇਖਾ, ਇਸ ਦਸਤਾਵੇਜ਼ ਰਾਹੀਂ। ਇਸ ਸੋਚ ਅਧੀਨ ਹੀ ਪਹਿਲਾ ਕਦਮ ਜੋਨਾਂ ਦੀਆਂ ਚੋਣਾਂ ਅਤੇ ਮਤੇ ਸਨ।

ਇਸ ਦਸਤਾਵੇਜ਼ ਨੂੰ ਸਿਖ ਕੌਮ ਅੱਗੇ ਰੱਖਣ ਤੋ ਪਹਿਲੇ ਦੂਜਾ ਕਦਮ ਸੀ ਅੰਤਰਰਾਸ਼ਟਰੀ ਪੱਧਰ ਉਤੇ ਅਰਦਾਸ ਦਿਵਸ, ਜਿਸ ਵਾਰੇ ਕਿਸੇ ਹੋਰ ਰੂਪ ਵਿਚ ਆਪਜੀ ਤੋਂ ਪੰਥ ਲਈ ਆਪਣੇ ਵੱਲੋਂ ਆਖਰੀ ਸੇਵਾ ਦੀ ਕੁਰਬਾਨੀ ਮੰਗਦਿਆਂ, ਆਪਜੀ ਨੂੰ ਦੱਸ ਹੀ ਦਿੱਤਾ ਸੀ ਅਤੇ ਜਿਸ ਵਾਰੇ ਇਸ ਵਿਚਕਾਰਲੇ ਸਮੇਂ ਅਗਵਾਈ ਕਰ ਰਹੇ ਕੁਝ ਸਿੰਘ ਹੋਰ ਵੀ ਜਾਣਦੇ ਹਨ।।

ਤੀਜਾ ਸੀ, ਹਾਈਕਮਾਂਡ ਦੀ ਚੋਣ ਸਮੇਂ ਜੋਨਾਂ ਦੀ ਚੋਣ ਸਮੇਂ ਲਏ ਸਟੈਂਡ ਉਤੇ ਆਪਣੀ ਦ੍ਰਿੜਤਾ ਦਾ ਪ੍ਰਗਟਾਵਾ ਭਾਵੇਂ ਇਕ ਸੀਟ ਵੀ ਹਿੱਸੇ ਨਹੀ ਅਤੇ ਨਵੀਂ ਸਰਕਾਰ ਵਾਰੇ, ਨਵੇਂ ਹੋਏ ਦੰਗਿਆਂ ਵਾਰੇ ਆਪਣਾਂ ਸੰਗਤ ਸਾਹਵੇਂ ਸਟੈਂਡ ਅਤੇ ਭਾਈ ਸਿਮਰਨਜੀਤ ਸਿੰਘ ਵਲੋਂ ਪੰਥ ਲਈ ਵੱਖ ਵੱਖ ਮਸਲਿਆਂ ਉਤੇ ਲਏ ਪਹਿਰੇਦਾਰ ਸਟੈਂਡ ਦੀ ਭਰਭੂਰ ਸ਼ਲਾਘਾ ਅਤੇ ਇਸ ਆਪਣੀ ਗੁਰੂ ਦੀ ਧਰਤ, ਆਪਣੀ ਰਾਜਸੀ ਸ਼ਕਤੀ ਦੇ ਹੱਥ ਮਜਬੂਤ ਕਰਨੇਂ, ਆਪਣੀ ਨੀਤੀ ਰਖਣਾਂ।

ਜਥੇਬੰਦੀ ਦੀ ਸ਼ਰਦਾ ਅਤੇ ਸਟੈਂਡ ਦਾ ਆਖਰੀ ਵਾਰ ਦਮਦਮੀ ਟਕਸਾਲ ਵਾਰੇ, ਇਨਾਂ ਦੇ ਸੰਤਾਂ ਦੀ ਸ਼ਹੀਦੀ ਵਾਰੇ, ਸੰਤਾਂ ਵਲੋਂ ਜਿੰਦਾ ਜੀਅ ਦਿੱਲੀ ਤਖਤ ਉਤੇ ਫਤਹਿ ਦੀ ਕੀਤੀ ਅਰਦਾਸ ਵਾਰੇ ਅਤੇ ਸੰਤਾਂ ਨਾਲ ਬੱਬਰ ਖਾਲਸਾ ਦੇ ਤਕਰਾਰ ਬਾਰੇ ਵਿਚਾਰ ਰੱਖ ਕੇ, ਇਨਾਂ ਉਤੇ ਮੁੜ ਕਿਸੇ ਵਿਵਾਦ ਓਤੇ ਰੋਕ ਲਾਉਣੀ ਅਤੇ ਜਥੇਬੰਦੀ ਵਲੋਂ ਪਹਿਲਾਂ ਪੂਰੀ ਤਿਆਰੀ ਕਰਕੇ ਇਸ ਦਸਤਾਵੇਜ਼ ਨੂੰ ਇਸ ਦੀ ਸੁਧਾਈ ਅਤੇ ਅੰਤ ਸਹਿਮਤੀ ਲਈ ਰੱਖਣ ਵੱਲ ਇਸ਼ਾਰਾ ਕਰਨਾਂ।

ਇਸ ਤੋਂ ਅੱਗੇ ਦਸਤਾਵੇਜ਼ ਦੇ ਸ਼ੁਰੂ ਵਾਲੇ ਦੋ ਸਫੇ ਜੋ ਆਪਜੀ ਕੋਲ ਹੈ ਹੀ ਨੇ। ਪੰਥ ਅੱਗੇ ਫਰਿਆਦ ਲੈ ਕੇ ਇਸ ਤੋਂ ਵੱਧ ਚੜ੍ਹਦੀ ਕਲਾ ਲਈ, ਕਿਸੇ ਕੋਲ ਸੰਘਰਸ਼ ਲਈ ਹੈ ਤਾਂ ਅੱਗੇ ਆਵੇ। ਜੇ ਨਹੀਂ ਤਾਂ ਇਸ ਉਤੇ ਵਿਚਾਰ ਕਰਕੇ, ਰਹੀ ਕਮੀ ਦੀ ਸੋਧ ਕਰਕੇ, ਹੋਰ ਚੜ੍ਹਦੀ ਕਲਾ ਵਾਲਾ ਕਰੇ। ਜਦ ਪੰਥ ਦਾ ਚੋਣਵਾਂ ਤਬਕਾ ਆਪਣੀ ਤੁਛ ਜਹੀ ਸੋਚ ਮੁਤਾਬਕ ਸੱਚ ਦੇ ਨਜ਼ਦੀਕ ਸਮਝੇ, ਫਿਰ ਕੋਈ ਜੋ ਵੀ ਅੱਗੇ ਆਕੇ ਇਸ ਨੂੰ ਅੰਤ੍ਰਰਾਸ਼ਟਰੀ ਭਾਈਚਾਰੇ ਅੱਗੇ ਰੱਖਣਾਂ ਚਾਹੇ, ਰੱਖੇ। ਪਿੱਛੇ ਖੜ੍ਹੇ ਹਰ ਮੱਦਦ। ਜੇ ਅੰਤ ਸਾਡੇ ਜ਼ਿਮੇ, ਅਸੀਂ ਤਿਆਰ। ਸੰਘਰਸ਼ ਲਈ ਕੌਮ ਨੂੰ ਲਲਕਾਰਨਾਂ ਅਤੇ ਅੱਗੇ ਜਾਂ ਪਿੱਛੇ ਰਹਿ ਕੇ ਖੁਦ ਨਿੱਤਰਨਾਂ।

ਇਥੇ ਤੱਕ ਪਹੁੰਚਣ ਲਈ ਆਪਣੇ, ਆਪਣੀ ਜਥੇਬੰਦੀ ਜਾਂ ਕਿਸੇ ਹੋਰ ਦੇ ਹਿੱਤਾਂ ਦਾ ਤਿਆਗ ਕਰਕੇ, ਆਪਣੇ ਧਰਮ ਅਤੇ ਕੌਮ ਦੇ ਹਿਤਾਂ ਨੂੰ ਪਹਿਲ ਦੇਣ ਦੀ ਮਿਸਾਲ ਬਣਕੇ, ਆਪਣੇ ਪੰਥ ਅੱਗੇ ਖੜ੍ਹਨਾਂ। ਜਥੇਬੰਦੀ ਪੰਥ ਅੱਗੇ ਕੁਝ ਰੱਖਣ ਜਾ ਰਹੀ ਹੈ। ਹੋਰ ਵੀ ਯੋਗਤਾਵਾਂ ਪੈਦਾ ਕਰਨੀਆਂ।

ਇਥੇ ਬਾਕੀਆਂ ਨਾਲ ਮਿਲਕੇ ਜੇ ਚੰਗਾ ਸਮਝਣ ਤਾਂ ਸਿਖੀ ਬਾਣੇ ਵਿਚ ਫਿਰਨ ਦੀ ਆਜਾਦੀ ਦਾ ਹੱਕ ਲੈਣਾਂ ਆਪਣੀ ਵੱਖਰੀ ਪਹਿਚਾਣ ਲਈ। ਇਸ ਹੱਕ ਦੀ ਵਰਤੋਂ ਸਿਖ ਕਰਨ ਜਾਂ ਨਾਂ ਕਰਨ, ਵੱਖ। ਹਰ ਮੁਜਾਹਰੇ ਸਮੇਂ ਜਾਂ ਗੁਰੂ ਘਰਾਂ ਵਿਚ ਜੁੜਨ ਸਮੇਂ ਸੰਭਵ ਹੈ ਤਾਂ ਆਪਣੇਂ ਸਿਖੀ ਬਾਣੇ ਵਿਚ ਹੋਣ ਦੀ ਪਿਰਤ ਪਾਉਣੀ

ਜੇ ਹੋਰ ਨਹੀਂ ਨਿਤਰਦਾ ਤਾਂ ਖੁਦ ਸਿਖਰ ਉਦਮ ਦੀ ਪਹਿਲ ਕਦਮੀ ਦੁਆਰਾ ਅਤੇ ਇਸ ਨਾਲ ਹੋਰ ਜੁੜੇ ਚੰਗੇ ਉਦਮਾਂ ਦੀ ਪੂਰਤੀ ਲਈ ਅਡੋਲ ਕੁਰਬਾਨੀਆਂ ਤੱਕ ਪਹਿਰਾ ਦੇਣਾਂ। ਜਿੱਥੇ ਚੰਗੇ ਉਦਮ ਨਾਲ ਪੰਥ ਵਿਚ ਜਥੇਬੰਦੀ ਦਾ ਸਤਿਕਾਰ ਉਚਾ ਕਰਨਾਂ, ਉਥੇ ਜਥੇਬੰਦੀ ਨੂੰ ਰਾਜਨੀਤਕ ਤੌਰ ਉਤੇ ਹੋਰ ਮਜ਼ਬੂਤ ਕਰਨਾਂ ਤਾਂ ਕਿ ਮਜ਼ਬੂਤ ਜਥੇਬੰਦੀ, ਮਜਬੂਤੀ ਨਾਲ ਮੁਕਾਬਲਾ ਕਰ ਸਕੇ, ਜੇ ਰਣ ਤੱਤੇ ਵਿਚ ਆਪਣਿਆਂ ਵੱਲ ਨੂੰ ਦੁਸ਼ਮਣ ਦੇ ਹੱਥ ਕਦੇ ਨਜ਼ਦੀਕ ਆਉਂਦੇ ਦਿਖਾਈ ਦਿੰਦੇ ਨੇ। ਸੰਘਰਸ਼ ਦੀ ਰੂਪਰੇਖਾ ਲਈ ਅਜਿਹੇ ਦਸਤਾਵੇਜ਼ ਦੀ ਲੋੜ ਕਿਉ ਅਤੇ ਪਹਿਲਾਂ ਇਸ ਉਦਮ ਲਈ ਕਿਸ ਕਿਸ ਨੂੰ ਕਿਹਾ ਪੁੱਛਿਆ, ਇਹ ਵਿਚਕਾਰਲੇ ਸਮੇਂ ਤੋਂ ਪਹਿਲੇ ਆਪਜੀ ਦੀ ਅਗਵਾਈ ਵਿਚ ਹੋਇਆ ਆਪਜੀ ਨੂੰ ਪਤਾ ਹੀ ਹੈ।

ਡਰ ਸੀ ਕਿ ਮਤਾਂ ਕੋਈ ਭਾਣਾਂ ਨਾਂ ਵਰਤ ਜਾਵੇ। ਘਰ ਪੁੱਛਿਆ ਕਿ ਅਜਿਹਾ ਉਦਮ ਜੇ ਉਨਾਂ ਵਲੋਂ ਜਾਂ ਉਨਾਂ ਦੀ ਜਾਣਕਾਰੀ ਵਿਚ ਕਿਸੇ ਵੱਲੋਂ ਹੋ ਰਿਹਾ ਹੋਵੇ ਜਾਂ ਕਰਵਾਇਆ ਜਾ ਰਿਹਾ ਹੋਵੇ, ਤਾਂ ਕਿ ਉਨਾਂ ਵੱਲੋਂ ਦਿੱਤੇ ਅੰਤਰਰਾਸ਼ਟਰੀ ਪੱਧਰ ਉਤੇ ਪਰੋਗਰਾਮ ਮੁਤਾਬਕ ਸੰਘਰਸ਼ ਦੀ ਰੂਪ ਰੇਖਾ ਮਿਲ ਜਾਵੇ।

ਇਸ ਵਿਚਕਾਰਲੇ ਸਮੇਂ ਤੋ ਬਾਧ ਆਪਜੀ ਵਲੋਂ ਮੁੜ ਜਥੇਬੰਦੀ ਦੀ ਅਗਵਾਈ ਸੰਭਾਲਣ ਉਤੇ ਵੀ ਆਪਜੀ ਦੀ ਗੈਰਹਾਜਰੀ ਵਿਚ ਪਹਿਲੇ ਸੋਚੇ ਕਦਮ ਵਾਰੇ ਆਪਜੀ ਨੂੰ ਜਾਣੂੰ ਕਰਵਾ ਦਿੱਤਾ ਗਿਆ ਸੀ। ਦੂਜੇ ਵਿਚ ਦਸਤਾਵੇਜ਼ ਦੇ ਉਦਮ ਨੂੰ ਕਿਵੇਂ ਆਪ ਅੱਗੇ ਰੱਖਣਾਂ ਸੀ, ਇਥੇ ਆਪ ਜੀ ਨੂੰ ਦੱਸ ਹੀ ਦਿੱਤਾ ਸੀ। ਪਰ ਸਬੱਬ ਹੋਰ ਹੀ ਹੋਇਆ। ਜਿਸ ਕਰਕੇ ਦਾਸ ਅਤੇ ਸ਼ਾਇਦ ਭਾਈ ਬਲਵਿੰਦਰ ਸਿੰਘ (ਸੁਝਾਵਾਂ ਦੇ ਜਬਾਬ ਵਾਲੇ ਵਿਚ ਜ਼ਿਕਰ) ਤੋਂ ਬਾਹਰੇ ਆਪਜੀ ਅਤੇ ਬਾਕੀ ਵਿਚਕਾਰਲੇ ਸਮੇਂ ਦੀ ਕਮਾਂਡ ਵਾਲੇ ਸਮੂਹ ਸਿੰਘ, ਭਾਈ ਪਰਤਾਪ ਸਿੰਘ, ਭਾਈ ਰਜਿੰਦਰ ਸਿੰਘ, ਭਾਈ ਭੁਪਿੰਦਰ ਸਿੰਘ ਭਾਈ ਸਤਨਾਮ ਸਿੰਘ, ਭਾਈ ਗੁਰਦਾਵਰ ਸਿੰਘ, ਭਾਈ ਰਾਮਪਾਲ ਸਿੰਘ ਭਾਈ ਨਰਵੈਰ ਸਿੰਘ ਆਦਿ, ਜਿਨਾਂ ਇਸ ਦਸਤਾਵੇਜ਼ ਨੂੰ ਪੜ੍ਹਿਆ ਨਾਂ, ਨਾਂ ਰਾਏ ਅਤੇ ਨਾਂ ਸਹਿਮਤੀ ਹੀ ਦਿੱਤੀ, ਉਹ ਵੀ ਇਹ ਦਸਤਾਵੇਜ਼ ਜਥੇਬੰਦੀ ਦਾ ਸਮਝਿਆ ਹੋ ਜਾਣ ਕਰਕੇ, ਇਸ ਵਿਚਲੀਆਂ ਹਾਸੋਹੀਣੀਆਂ ਗੱਲਾਂ ਕਰਕੇ, ਨਰਦੋਸ਼ ਅਣਜਾਣ ਹੀ ਆਪਣੀ ਹਾਸੋਹੀਣੀ ਹਾਲਤ ਕਰਵਾ ਲੈਣ ਦੇ ਭਾਗੀ ਬਣ ਗਏ। ਇਸ ਅਭਾਗੇ ਲਈ, ਇਸ ਭੁੱਲ ਲਈ ਦਾਸ ਆਪਣੀ ਪੂਰੀ ਜਿਮੇਵਾਰੀ ਲੈਂਦਾ ਹੈ ਅਤੇ ਇਸ ਕਰਕੇ ਨਰਦੋਸ਼ ਅਣਜਾਣ ਆਪਜੀ ਅਤੇ ਬਾਕੀ ਸਮੂਹ ਸਿੰਘਾਂ ਤੋਂ ਮੁਆਫੀ ਮੰਗਦਾ ਹੈ।

ਇਸ ਵਿਚਕਾਰਲੇ ਸਮੇਂ ਦੀ ਉਪਰ ਨਾਵਾਂ ਵਾਲੀ ਹਾਈ ਕਮਾਂਡ, ਜਿਸ ਵੱਲੋਂ ਇਸ ਦਸਤਾਵੇਜ਼ ਨੂੰ ਮੁਕੰਮਲ ਕਰਨ ਦੀ ਰਾਏ ਸੀ, ( ਸਹਿਜ ਸੁਭਾਅ ਅਜਿਹੇ ਕਿਸੇ ਉਦਮ ਵੱਲ ਹੁਕਮ ਕਰਨ ਵਾਲੇ ਭਾਈ ਗੁਰਦਾਵਰ ਸਿੰਘ ਨਿਹੰਗ ਸਿੰਘ ਪਹਿਲੇ) ਉਸ ਅੱਗੇ ਇਹ ਦਸਤਾਵੇਜ਼, ਇਸ ਨਾਲ ਘਰ ਵਾਲਿਆਂ ਦੇ ਮਿਲੇ ਸੁਝਾ ਅਤੇ ਇਨਾਂ ਸੁਝਾਵਾਂ ਅਤੇ ਨੁਕਤਿਆਂ ਵਾਰੇ ਆਪਣੇ ਵਿਚਾਰ ਨਾਲ ਰੱਖਕੇ, ਇਸ ਕਾਰਜ਼ ਲਈ ਆਪਣੀ ਜ਼ਿਮੇਵਾਰੀ ਤੋਂ ਸਰਖਰੂ ਸਮਝਦਾ ਹਾਂ।

ਇਕ ਬੇਨਤੀ, ਉਹ ਹੀ ਪੁੰਨ, ਇਸ ਵਿਚਕਾਰਲੇ ਸਮੇਂ ਦੀ ਉਪਰ ਨਾਵਾਂ ਵਾਲੀ ਹਾਈ ਕਮਾਂਡ ਨੂੰ ਦਾਸ ਉਤੇ ਕਰਨ ਦੀ। ਇਹ ਬੇਨਤੀ ਪੁੰਨ ਮਿਲੇ ਸੁਝਾਵਾਂ ਵਾਰੇ ਲਿਖੇ ਗਏ ਵਿਚ ਪਹਿਲਾਂ ਦਰਜ ਹੀ ਹੈ। ਇਸ ਦਸਤਾਵੇਜ਼ ਨੂੰ ਪਾਸੇ ਵੀ ਰੱਖਿਆ ਜਾਵੇ, ਦਲੀਲ ਨਾਲ ਇਸ ਵਿਚ ਅਣਜਾਣ, ਸਿਖ ਧਰਮ ਪ੍ਰਤੀ ਕਿਸੇ ਸਿਧਾਂਤਕ ਭੁੱਲ ਦੀ ਸੋਧ ਕਰਵਾ ਕੇ।

ਜਥੇਦਾਰ ਭਾਈ ਰੇਸ਼ਮ ਸਿੰਘ ਜੀ ਕੋਲ ਵੀ ਇਸ ਦਸਤਾਵੇਜ਼ ਨੂੰ ਸਿਰਫ ਇਕ ਪਾਠਕ ਹੋਣ ਦੇ ਨਾਤੇ ਗਿਆ ਸਮਝਿਆ ਜਾਵੇ, ਜਿਵੇਂ ਪਹਿਲਾਂ ਸੋਚਿਆ ਸੀ, ਮੁੱਖੀ ਹੋਣ ਨਾਤੇ, ਕਰਨ ਜਾਂ ਨਾਂ ਕਰਨ ਦੀ ਰਾਏ ਜਾਨਣ ਲਈ ਪਹੁੰਚਿਆ ਨਾਂ ਸਮਝਿਆਂ ਜਾਵੇ। ਇਸ ਵਾਰੇ ਅਗਲੇ ਕਿਸੇ ਫੈਸਲੇ ਲਈ ਕੀ ਕਾਰਨਾਂ ਜਾਂ ਨਾਂ ਕਰਨਾਂ, ਇਸ ਵਿਚਕਾਰਲੇ ਸਮੇਂ ਦੀ ਉਪਰ ਨਾਵਾਂ ਵਾਲੀ ਹਾਈ ਕਮਾਂਡ ਦੇ ਜ਼ਿਮੇਂ।

ਜਥੇਦਾਰ ਜੀ, ਹੁਣ ਆਪਜੀ ਵੱਲੋਂ ਜਥੇਬੰਦੀ ਦੀ ਅਗਵਾਈ ਸਾਂਭਣ ਮਗਰੋਂ ਕੋਲਨ ਗੁਰੂਘਰ ਗੁਰੂ ਦੀ ਹਜ਼ੂਰੀ ਵਿਚ। ਜੋ ਆਪ ਜੀ ਪੁੱਛਿਆ, ਸਿਖਰ ਜਬਾਵ ਕਹਿ ਹੀ ਦਿੱਤਾ ਹੈ। ਕਿਸੇ ਤਰਾਂ ਦੀ ਅਸਪਸ਼ਟਾ ਨਹੀਂ ਰਹਿਣ ਦਿੱਤੀ। ਆਪਜੀ ਵੱਲੋਂ ਦਿੱਤੀ ਦਲੀਲ ਨੂੰ ਆਤਮਾ ਵਲੋਂ ਨਾਸਵੀਕਾਰ ਕਰਨ ਦਾ ਬਿਨਾਂ ਪ੍ਰਗਟਾਵਾ ਕਰਦਿਆਂ। ਬਿਨਾਂ ਗੁਰੂ ਦੀ ਹਜ਼ੂਰੀ ਵਿਚ ਆਪਜੀ ਦੇ ਬੋਲਾਂ ਪਿੱਛੇ, ਪੰਥ ਦੀ ਹੋਰ ਵੀ ਚੜ੍ਹਦੀ ਕਲਾ ਲਈ ਉਦਮ ਦੇ ਰਾਜ਼ ਨੂੰ ਜਾਨਣ ਦਾ ਪ੍ਰਗਟਾਵਾ ਕੀਤੇ, ਤਾਂ ਕਿ ਕਿਤੇ ਗਰੂ ਦੀ ਹਜੂਰੀ ਵਿਚ ਇਸ ਸ਼ਰਥਾਲੂ ਤੋਂ ਕੋਈ ਗੁਨਾਹ ਨਾਂ ਹੋ ਜਾਵੇ।

ਦਾਸ ਸਾਹਮਣੇ ਇਥੇ ਜਥੇਬੰਦੀ ਦੇ ਮੁੱਖੀ ਹੋਣ ਕਰਕੇ ਆਪਜੀ ਹੀ ਮੁੱਖ, ਪੂਰਣ, ਤਪੱਸਵੀ ਸਥਾਨ ਹੋ। ਕਿਉਂ ਨਹੀਂ ਹੋ ਸਕਦਾ, ਆਪਜੀ ਦੇ ਬੋਲਾਂ ਪਿੱਛੇ ਪੰਥ ਦੀ ਹੋਰ ਵੀ ਚੜ੍ਹਦੀ ਕਲਾ ਲਈ ਕਿਸੇ ਨਵੇਂ ਰੂਪ ਵਿਚ ਉਦਮ ਦਾ ਗਿਆਨ ਹੋਵੇ ਜਿਸ ਨੂੰ ਜਾਣਦਿਆਂ ਪਹਿਲੇ ਸਹੀ ਸਮਝੇ ਨੂੰ ਤਿਆਗ ਕੇ ਇਸ ਨਵੇਂ ਸਹੀ ਨੂੰ ਪੰਥ ਅਤੇ ਕੌਮ ਦੀ ਸੇਵਾ ਦਾ ਨਵਾਂ ਰਾਹ

ਅਪਣਾ ਕੇ, ਇਹ ਸ਼ਰਥਾਲੂ ਆਪਣੇ ਕਿਰਦਾਰ ਨੂੰ ਭਾਵੇ ਅਗਲੇ ਜਨਮ ਹੀ ਸਹੀ ਅੰਮ੍ਰਿਤ ਦੀ ਦਾਤ ਦੇ ਭਾਗੀ ਕਰਨ ਵੱਲ ਬਾਕੀ ਰਹਿੰਦੀ ਬਸਰ ਕਰ ਸਕੇ।

ਇਸ ਲਈ ਦਾਸ ਆਪਜੀ ਕੋਲ ਜਾਨਣ ਲਈ ਆਇਆ ਹੈ, ਜਿਸ ਨੂੰ ਗੁਰੂ ਦੀ ਹਜ਼ੂਰੀ ਵਿਚ ਜਾਨਣ ਤੋਂ ਬਿਨਾਂ ਹੀ ਨਾਂ ਮੰਨਜੁਰ ਕਰਦੇ, ਆਪਜੀ ਵੱਲੋਂ ਪੁੱਛੇ ਦਾ ਜਵਾਬ ਦਿੱਤਾ ਸੀ।

ਲਿਖਿਆ ਅਤੇ ਲਿਖੇ ਉਤੇ ਪਹਿਰੇ ਲਈ ਕੁਰਬਾਨੀ ਤੱਕ ਦੀ ਦੜਿਤਾ ਨਾਲ ਸੰਸਾਰ ਅੱਗੇ ਖੜ੍ਹ ਜਾਣਾਂ ਤਦ ਹੀ ਸੰਭਵ ਹੈ, ਜੇ ਆਤਮਾਂ ਨੇ ਲਿਖੇ ਵਿਚ ਦਲੀਲ ਨੂੰ ਉਤਮ ਸਵੀਕਾਰ ਕੀਤਾ ਹੈ।

ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜੀ ਧਾਵਾ ਹੋਇਆ। ਤਲਾਸ਼ ਸ਼ੁਰੂ ਹੋਈ ਕਿ ਜੇ ਸਭ ਕੁਝ ਉਸ ਦੀ ਰਜਾ ਵਿਚ ਤਾਂ ਇਸ ਰਜਾ ਪਿੱਛੇ ਉਸ ਦਾ ਕਿਹੜਾ ਰਾਜ਼?

ਜੋ ਕੁਝ ਮਹਿਸੂਸ ਹੋਇਆ ਪਹਿਲਾ- ਭਗਤੀ ਲਈ ਭੋਲਾਪਨ ਹੋਣਾਂ ਜਰੂਰੀ। ਇਸ ਲਈ ਅਣਡਿਠ ਕਰੀ ਜਾਣ ਦਾ ਗੁਣ। ਇਹ ਗੁਣ ਨਾਂ ਹੁੰਦਾ, ਕੌਮ ਦੇ ਭਾਰਤ ਨਾਲ ਰਹਿਣ ਦੇ ਦਿੱਤੇ ਵਚਨ ਦਾ ਸਬੱਬ ਨਾਂ ਬਣਦਾ। ਇਹ ਨਾਂ ਸਬੱਬ ਬਣਦਾ ਤਾਂ ਵੰਡ ਦੇ ਬਾਧ ਦਾ, ਇਸ ਮਜ਼ਲੂਮ ਤੋਂ ਨਵੇਂ ਹਾਕਮ ਬ੍ਰਾਹਮਣ ਜਮਾਤ ਦਾ ਅਸਲ ਹੋਰ ਵੀ ਅਕ੍ਰਿਤਘਣੀ ਚੇਹਰਾ, ਵਿਸ਼ਵ ਭਾਈਚਾਰੇ ਅੱਗੇ ਰੱਖਣ ਲਈ ਸਿਖ ਕੌਮ ਕੋਲ ਨਾਂ ਹੁੰਦਾ।

ਦੂਜਾ - ਜੂਨ ਚੌਰਾਸੀ ਦੇ ਧਾਵੇ ਨਾਲ ਕੌਮ ਨੂੰ ਭਾਰਤ ਨਾਲ ਰਹਿਣ ਦੇ ਦਿੱਤੇ ਬਚਨ ਤੋਂ ਮੁਕਤੀ ਮਿਲਣੀਂ ( ਅਤੇ ਇਕ ਹੋਰ ਰਾਜ਼) ਅਤੇ ਧੁਰੋ ਆਜਾਦ ਦੇ ਆਪਣੇ ਆਜਾਦ ਵਤਨ ਲਈ ਚਾਲੇ ਪੈਣੇ। ਇਨਾਂ ਚਾਲਿਆਂ ਲਈ ਹੀ ਇਸ ਆਵਾਜ ਦਾ ਹੋਣਾਂ: ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜੀ ਧਾਵਾ, ਖਾਲਿਸਤਾਨ ਦਾ ਨੀਂਹ ਪੱਥਰ। ਇਸ ਆਵਾਜ ਤੋਂ ਬਿਨਾਂ ਫੌਜੀ ਧਾਵਾ, ਦਿੱਤੇ ਬਚਨ ਤੋਂ ਮੁਕਤੀ ਲਈ ਫਿਰ ਅਧੂਰਾ ਹੀ ਰਹਿ ਜਾਣਾਂ ਸੀ। ਰਜਾ - ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜੀ ਧਾਵਾ। ਰਜਾ ਪਿਛੇ ਹੁਕਮ, ਖਾਲਸੇ ਦਾ ਘਰ। ਆਤਮਾ ਨੇ ਦ੍ਰਿੜਿਤਾ ਨਾਲ ਮੰਨਿਆ ਕਿ ਕੌਮ ਦੇ ਉਪਰ ਕਿਸੇ ਵੀ ਰੂਪ ਵਿਚ ਬਿਪਰਨ ਦਾ ਹੁਕਮ, ਬਿਪਰਨ ਦੀ ਰੀਤ ਤੋਂ ਪੂਰਨ ਮੁਕਤੀ ਦੁਆਰਾ ਗੁਰੂ ਦੇ ਤੇਜ ਦੀ ਬਖਸ਼ਿਸ਼ ਪ੍ਰਾਪਤੀ ਦਾ ਅਸਲ ਰਾਹ ਨਹੀ ਹੋ ਸਕਦਾ। ਸਿਰਫ ਸਿਰਜਣਹਾਰ ਦੇ ਹੀ ਹੁਕਮ ਅਧੀਨ ਹੋਣ ਲਈ ਪੂਰੀ ਤਰਾਂ ਪੰਥ ਦੀ ਆਜਾਦੀ ਹੀ ਇਸ ਬਖਸ਼ਿਸ਼ ਪ੍ਰਾਪਤੀ ਲਈ ਅਸਲ ਰਾਹ ਹੈ।

ਇਸ ਲਈ ਹੀ ਕੌਮ ਨੂੰ ਸੰਘਰਸ਼ ਲਈ ਆਜਾਦ ਘਰ ਦੀ ਮੰਗ ਦੇ ਬੋਲ, ਦਾਸ ਨੂੰ ਵੀ ਗੁਰੂ ਵਲੋਂ ਕੌਮ ਦੇ ਮੂੰਹ ਵਿਚ ਪੁਆਏ ਗਏ ਜਾਪੇ ਸਨ ਜਿਸ ਲਈ ਹੀ ਹੁਣ ਤੱਕ ਦੀਆਂ ਚੌਰਾਸੀ ਤੋਂ ਕੌਮ ਵੱਲੋਂ ਸ਼ਹਾਦਤਾਂ ਸ਼ਹੀਦੀਆਂ ਦਿੱਤੀਆਂ ਗਈਆਂ ਹਨ। ਇਸ ਲਈ ਹੀ ਅਠਾਰਾਂ ਸਾਲ ਤੋਂ ਹੁਣ ਤੱਕ ਆਜਾਦ ਵਤਨ ਦੀ ਮੰਜ਼ਿਲ ਆਪਣੇ (ਤੁਹਾਡੇ, ਸਾਡੇ) ਅਤੇ ਜਥੇਬੰਦੀ ਦੇ ਸਾਹਮਣੇ ਰਹੀ ਅਤੇ ਇਸ ਉਤੇ ਹੀ ਜਥੇਬੰਦੀ ਦੁਆਰਾ ਆਪਜੀ ਦੀ ਅਗਵਾਈ ਵਿਚ ਅਡੋਲ, ਤੁਛ ਜ਼ਿਮੇ ਆਇਆਂ ਪਹਿਰਾ ਦਿੱਤਾ।

ਜੇ ਹੁਣ ਤੱਕ ਗੁਰੂ ਵੱਲੋਂ ਸਿਖ ਕੌਮ ਦੇ ਮੂੰਹ ਬਖਸ਼ਿਸ਼, ਨਿਆਮਤ ਪੁਆਏ ਸਮਝੇ ਗਏ ਖਾਲਿਸਤਾਨ ਦੀ ਮੰਗ ਦੇ ਬੋਲ, ਅੱਜ ਆਪਜੀ ਮੁਤਾਬਕ, ਕਿਸੇ ਵੱਲੋਂ ਆਪਾਂ ਦੇ ਮੂੰਹ ਪੁਆਏ ਗਏ ਵੀ ਮੰਨ ਲਏ ਜਾਣ ਤਾਂ ਵੀ ਗਲਤ ਕਿਵੇਂ ਹੋਏ?

ਕੀ ਆਜਾਦੀ ਦੀ ਮੰਗ ਤੋਂ ਥੱਲੇ ਕੋਈ ਮੰਗ, ਕੌਮ ਦੇ ਉਪਰ ਕਿਸੇ ਵੀ ਰੂਪ ਵਿਚ ਬਿਪਰਨ ਦੇ ਹੁਕਮ ਦੀ ਕਬੂਲੀ ਨਹੀਂ?

ਕੀ ਖਾਲਸੇ ਉਤੇ ਹੁਕਮ ਗੁਰੂ ਦਾ ਉਤਮ ਜਾਂ ਬਿਪਰਨ ਦਾ?

ਜਦ ਤੱਕ ਖਾਲਸੇ ਉਤੇ ਉਤਮ ਹੁਕਮ ਬਿਪਰਨ ਦਾ, ਕੀ ਕਰ ਸਕਦਾ ਹੈ ਖਾਲਸਾ ਬਿਪਰਨ ਦੀ ਰੀਤ ਤੋਂ ਆਪਣੇ ਆਪਨੂੰ ਪੂਰਨ ਮੁਕਤ?

ਕੀ ਬਿਨਾਂ ਬਿਪਰਨ ਦੀ ਰੀਤ ਤੋਂ ਪੂਰਨ ਮੁਕਤੀ ਦੇ, ਹੋ ਸਕਦੀ ਹੈ ਗੁਰੂ ਦੇ ਤੇਜ ਦੀ ਬਖਸ਼ਿਸ਼?

ਗੁਰੂ ਦੇ ਤੇਜ ਦੀ ਬਖਸ਼ਿਸ਼ ਪ੍ਰਾਪਤੀ ਦਾ ਅਸਲ ਰਾਹ, ਬਿਪਰਨ ਤੋਂ ਪੂਰਨ ਮੁਕਤੀ ਕੌਮ ਦਾ ਘਰ ਜਾਂ ਕੌਮ ਦੇ ਆਜਾਦ ਘਰ ਦੇ ਬੋਲ ਅੱਜ ਸਾਡੇ ਮੂੰਹ ਪੁਆਏ ਲੱਗਣ ਕਰਕੇ ਇਨਾਂ ਨੂੰ ਤਿਆਗਕੇ ਬਿਪਰਨ ਦੀ ਕਿਸੇ ਵੀ ਰੂਪ ਵਿਚ ਮੁੜ ਅਧੀਨਗੀ ਨੂੰ ਸਵਿਕਾਰ ਕਰਨਾਂ?

ਹੁਣ ਤੱਕ ਦੀ ਐਲਾਨ ਮੰਜ਼ਿਲ, ਜਿਸ ਨੂੰ ਐਲਾਨ ਕਰਨ ਵਾਲੇ ਭਾਵੇਂ ਘਰ ਵੀ ਜਾ ਬੈਠੇ, ਉਸ ਨੂੰ ਘੱਟ ਚੰਗੀ ਸਮਝ ਕੇ ਆਪਣੇਂ ਵਲੋਂ ਤੱਦ ਹੀ ਤਿਆਗਿਆ ਜਾ ਸਕਦਾ ਹੈ ਅਤੇ ਨਵੀਂ ਬਿਹਤਰ ਮੰਜਿਲ ਅਪਣਾਈ ਜਾ ਸਕਦੀ ਹੈ ਜੇ ਆਤਮਾਂ ਨੂੰ ਪਹਿਲੀ ਦੇ ਮਾੜੀ ਜਾਂ ਊਣਤਾਈਆਂ ਭਰੀ ਅਤੇ ਨਵੀਂ ਦੇ ਪਹਿਲੀ ਨਾਲੋਂ ਪੂਰਨ ਹੋਣ ਦਾ, ਆਪਣੀ ਦਲੀਲ ਨਾਲ ਅਹਿਸਾਸ

ਕਰਵਾਵੋਗੇ। ਇਸ ਲਈ ਹੀ ਜਾਨਣ ਲਈ ਆਇਆ ਗਿਆ ਹੈ। ਤਾਂ ਕਿ ਦਾਸ ਹੁਣ ਤੱਕ ਜਿਸ ਮੰਜਿਲ ਨੂੰ ਲੈਕੇ ਸੇਵਾ ਸੀ, ਮਜਬੂਰਨ ਮੂੰਹ ਪਈਓ ਸਵਿਕਾਰਦਿਆਂ, ਗੁਰੂ ਅੱਗੇ ਕੀਤੀਆਂ ਅਰਦਾਸਾਂ ਤੋਂ ਮੁਕਤੀ ਲਈ ਪਸ਼ਚਾਤਾਪ ਦੀ ਅਰਦਾਸ ਨਾਲ, ਆਪਣੇ ਆਪ ਨੂੰ ਸੁਰਖਰੂ ਕਰਦਿਆਂ, ਆਪ ਵੱਲੋਂ ਦੱਸੀ ਪੰਥ ਲਈ ਬਿਹਤਰ ਮੰਜਿਲ ਨੂੰ ਸਾਕਾਰ ਕਰਨ ਲਈ ਰਹਿੰਦੀ ਉਮਰ ਪਹਿਰਾ ਦੇਣ ਵਿਚ ਹੰਢਾ ਸਕੇ। ਨਾਂ ਜਾਣੂੰ ਕਰਵਾ ਕੇ ਅਹਿਸਾਸ ਕਰਵਾਣ ਤੱਕ, ਦਾਸ ਦੀ ਪੰਥ ਲਈ ਮੰਜਿਲ ਹਰ ਜਨਮ ਹੀ ਖਾਲਸੇ ਦੀ ਬਿਪਰਨ ਤੋਂ ਪੂਰਨ ਮੁਕਤੀ ਦੁਆਰਾ, ਗੁਰੂ ਦੇ ਤੇਜ ਦੀ ਬਖਸ਼ਿਸ਼ ਪ੍ਰਾਪਤੀ ਹੀ ਰਹੇਗੀ।
ਬਾਕੀ ਗੁਰੂ ਦੀ ਹਜੂਰੀ ਵਿਚ ਪੁੱਛਿਆ ਜਾਣਦੇ ਹੀ ਹੋ।
ਗੁਰੂ ਪੰਥ ਦਾ ਦਾਸ

ਨਿਰਮਲ ਸਿੰਘ ਉਰਫ
ਐਨ ਕਮਲ ਫੇਹਰਨਬੱਖ,
ਉਰਫ ਬਿਧੀ ਸਿੰਘ ਬੱਬਰ